Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਨਵੰਬਰ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ !



ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ

## ਵਡਾ ਪੁਰਖੁ ਪਰਗਟਿਆ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਵਡਾ ਪੁਰਖੁ ਪਰਗਟਿਆ



ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਮਹਾਨ ਦਾਰਸ਼ਨਿਕ, ਸਿਖਿਆ ਸ਼ਾਸਤਰੀ, ਰਾਜਨੀਤੀਵਾਨ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਸਨ, ਜਿਨ੍ਹਾਂ ਨੇ ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਮਨੁੱਖੀ ਮਨ ਵਿਚ ਗਿਆਨ ਦੀ ਜੋਤ ਨੂੰ ਜਾਗ੍ਰਿਤ ਕੀਤਾ ਅਤੇ ਸਨਾਤਨੀ ਪਰੰਪਰਾ ਨੂੰ ਰੱਦ ਕਰਕੇ ਜਾਤੀ-ਪਾਤੀ ਰਹਿਤ ਸਮਾਜ ਦੀ ਸਿਰਜਣਾ ਲਈ ਪੈਗਾਮ ਦਿੱਤਾ, ਗਰੀਬਾਂ, ਕਿਰਤੀਆਂ ਵਿਚ ਅਣਖ, ਆਤਮ-ਨਿਰਭਰਤਾ, ਆਤਮ-ਵਿਸ਼ਵਾਸ ਪੈਦਾ ਕਰਕੇ ਇਕ ਰੱਬ ਨਾਲ ਜੋੜਿਆ ਤੇ ਸੱਚੀ ਰਾਜਨੀਤੀ ਤੇ ਸਮਾਜ ਸਿਰਜਣ ਵਲ ਤੋਰਿਆ। ਸਮਾਜ ਨੂੰ ਅਗਿਆਨਤਾ ਦੇ ਜਾਲ ਵਿਚੋਂ ਕੱਢਣ ਲਈ ਗੁਰੂ ਨਾਨਕ ਸਾਹਿਬ ਨੇ ਕਈ ਅਮਲੀ ਕਦਮ ਚੁੱਕੇ। ਉਹਨਾਂ ਦੀਆਂ ਯਾਤਰਾਵਾਂ ਚਲਦੀਆਂ-ਫਿਰਦੀਆਂ ਯੂਨੀਵਰਸਿਟੀਆਂ ਸਨ। ਉਹ ਜਿੱਥੇ ਵੀ ਗਏ, ਉੱਥੇ ਧਰਮਸ਼ਾਲਾਵਾਂ ਉਸਰ ਗਈਆਂ :

**ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ।**

ਗੁਰੂ ਨਾਨਕ ਸਾਹਿਬ ਨੇ ਆਪਣੀਆਂ ਚਾਰ ਲੰਮੀਆਂ ਉਦਾਸੀਆਂ ਦੌਰਾਨ ਭਾਰਤ ਦੇ ਕੋਨੇ-ਕੋਨੇ ਵਿਚ ਜਾਣ ਤੋਂ ਬਿਨਾਂ ਹੋਰ ਦੇਸ ਦੇਸਾਂਤਰਾਂ ਜਿਵੇਂ ਕਿ ਤਿੱਬਤ, ਸ੍ਰੀਲੰਕਾ, ਅਫਗਾਨਿਸਤਾਨ, ਸਾਊਦੀ ਅਰਬ ਵਿਚ ਮੱਕੇ ਮਦੀਨੇ ਤੋਂ ਬਿਨਾਂ ਇਰਾਕ ਵਿਚ, ਬਗ਼ਦਾਦ ਵਿਚ ਆਪਣੇ ਪਾਵਨ ਚਰਨ ਪਾਏ ਤੇ ਭੁੱਲਿਆਂ-ਭਟਕਿਆਂ ਨੂੰ ਸੱਚੇ-ਸੁੱਚੇ, ਸਿੱਧੇ-ਸਾਦੇ, ਨੇਕ ਤੇ ਪਰਉਪਕਾਰੀ ਜੀਵਨ ਦਾ ਗਿਆਨ ਦਿੱਤਾ, ਵਹਿਮਾਂ-ਭਰਮਾਂ ਨੂੰ ਛੱਡ ਕੇ ਇਕ ਰੱਬ ਨਾਲ ਜੁੜਨ ਦਾ ਸੁਨੇਹਾ ਦਿੱਤਾ। ਗੁਰੂ ਨਾਨਕ ਸਾਹਿਬ ਨੇ ਮਨੁੱਖੀ ਹਿੱਤਾਂ ਲਈ ਪਹਿਰਾ ਦਿੰਦਿਆਂ ਬਾਬਰ ਨੂੰ ਲਲਕਾਰਿਆ, ਲੋਕਾਈ ਨੂੰ ਜ਼ੁਲਮ ਵਿਰੁੱਧ ਜੂਝਣ ਦਾ ਵਲ ਸਿਖਾਇਆ ਅਤੇ ਗੁਲਾਮੀ ਦੇ ਜੀਵਨ ਜਿਊਣ ਨੂੰ ਹਰਾਮ ਤੱਕ ਕਿਹਾ, ਹਰੇਕ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਨੂੰ ਰੱਦ ਕੀਤਾ, ਕਾਜ਼ੀਆਂ, ਬ੍ਰਾਹਮਣਾਂ ਦੇ ਢੌਂਗ ਨੂੰ ਲਲਕਾਰਿਆ, ਲੋਕਾਈ ਨੂੰ ਸੱਚ ਪਛਾਨਣ ਅਤੇ ਆਪਣਾ ਮੂਲ ਪਛਾਨਣ ਦੀ ਸਿੱਖਿਆ ਦੇ ਕੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੀ ਸਹੀ ਜੀਵਨ ਜਾਚ ਸਿਖਾਈ। ਪਰਾਏ ਹੱਕ ਬਾਰੇ ਗੁਰੂ ਜੀ ਨੇ ਸਮਝਾਇਆ ਕਿ ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗ਼ੰਬਰ ਤਾਂ ਹੀ ਮਿਹਰ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਹੀਂ ਵਰਤਦਾ। ਨਿਰੀਆਂ ਗੱਲਾਂ ਕਰਨ ਨਾਲ ਬਹਿਸ਼ਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸੱਚ ਨੂੰ ਅਮਲੀ ਜੀਵਨ ਵਿਚ ਵਰਤਿਆਂ ਹੀ ਮੁਕਤੀ ਤੇ ਅਨੰਦ ਮਿਲਦਾ ਹੈ। ਝੂਠ, ਕੂੜ ਤੇ ਕਾਲੀ ਦੌਲਤ ਹਰਾਮ ਦਾ ਮਾਲ ਹੈ, ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਹੇ ਨਾਨਕ ! ਕੂੜੀਆਂ ਗੱਲਾਂ ਤੇ ਬੇਈਮਾਨ ਬਣਨ ਨਾਲ ਕੂੜ ਹੀ ਮਿਲਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਚਿੰਤਨ ਵਿਚ ਸਾਧਨਾਂ ਦੀ ਥਾਂ ਉਪਜ ਨੂੰ ਵੰਡ ਕੇ ਛੱਕਣ ਦੀ ਪ੍ਰੇਰਣਾ ਹੈ, ਜਿਸ ਵਿਚ ਕੇਵਲ ਬਰਾਬਰੀ, ਪ੍ਰੇਮ ਅਤੇ ਆਨੰਦ ਹੈ।

ਗੁਰੂ ਨਾਨਕ ਸਾਹਿਬ ਨੇ ਸਿਖਿਆ ਨੂੰ ਆਮ ਲੋਕਾਂ, ਕਿਰਤੀਆਂ ਤੇ ਦੱਬੇ ਕੁਚਲੇ ਲੋਕਾਂ ਤੱਕ ਪਹੁੰਚਾਉਣ ਲਈ ਉਹਨਾਂ ਨੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਸਿੱਖਿਆ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ। ਅਜਿਹਾ ਇਸ ਲਈ ਕਿਉਂਕਿ ਉਸ ਸਮੇਂ ਸਨਾਤਨੀ ਗ੍ਰੰਥ, ਸ਼ਾਸਤਰ ਸੰਸਕ੍ਰਿਤ ਵਿਚ ਹੋਣ ਕਰਕੇ ਆਮ ਜਨਤਾ ਦੀ ਸਮਝ ਤੋਂ ਬਾਹਰ ਸਨ। ਉਹਨਾਂ ਨੇ ਆਪਣੀ ਬਾਣੀ ਦੀ ਰਚਨਾ ਆਪਣੀ ਮਾਤ ਭਾਸ਼ਾ ਪੰਜਾਬੀ ਵਿਚ ਕੀਤੀ।

ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਇਹੀ ਹੈ ਕਿ ਗਿਆਨ ਨੂੰ ਜੀਵਨ ਵਿਚ ਢਾਲ ਕੇ ਸਦਾਚਾਰ ਦੀ ਉਸਾਰੀ ਕੀਤੀ ਜਾ ਸਕਦੀ ਹੈ। ਗੁਰੂ ਦੇ ਗਿਆਨ ਰੂਪੀ ਥਾਲ ਵਿਚ ਚਾਰ ਵਡਮੁੱਲੀਆਂ ਵਸਤਾਂ ਪਰੋਸੀਆਂ ਗਈਆਂ ਹਨ ਜੋ ਮਨੁੱਖ ਦੀ ਨੈਤਿਕ ਉਨਤੀ ਦਾ ਆਧਾਰ ਹਨ। ਗੁਰੂ ਜੀ ਦੇ ਇਹ ਪਾਵਨ ਕਥਨ ਗਿਆਨਵਾਨ ਹੋਣ ਲਈ ਜ਼ਰੂਰੀ ਹਨ। ਜੋ ਮਨੁੱਖ ਗਿਆਨ ਤੇ ਨੈਤਿਕਤਾ ਦੇ ਅਮਲ ਵਿਚ ਬਝਦਾ ਹੈ, ਉਹੀ ਪਰਉਪਕਾਰੀ ਹੋ ਸਕਦਾ ਹੈ।

ਗੁਰੂ ਨਾਨਕ ਸਾਹਿਬ ਨੇ ਸਮਾਜ ਨੂੰ ਦ੍ਰਿੜ੍ਹ ਕਰਨ ਲਈ ਔਰਤ ਨੂੰ ਸਤਿਕਾਰਿਆ, ਮਰਦ ਦੇ ਬਰਾਬਰ ਸਥਾਨ ਦਿੱਤਾ ਹੈ ਅਤੇ ਮਨੁੱਖ ਨੂੰ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਜੋ ਸਰਮਾਇਆ ਦਿੱਤਾ ਹੈ, ਉਹ ਸਿੱਖ ਜਗਤ ਦਾ ਸਭਿਆਚਾਰ ਬਣ ਗਿਆ ਹੈ। ਕਿਰਤ ਕਰਨੀ, ਸਖਤ ਮਿਹਨਤ ਕਰਨੀ ਸਿੱਖ ਭਾਈਚਾਰੇ ਦੇ ਹੱਡਾਂ ਵਿਚ ਅਜਿਹਾ ਰਚ ਮਿਚ ਗਿਆ ਹੈ, ਜਿਸ ਦੁਆਰਾ ਉਹਨਾਂ ਨੇ ਨਾ ਕੇਵਲ ਆਪਣੀ ਕੌਮ, ਸਮਾਜ ਦੀ ਨੁਹਾਰ ਬਦਲ ਦਿੱਤੀ ਹੈ, ਬਲਕਿ ਵਿਸ਼ਵ ਵਿਚ ਵੀ ਆਪਣੀ ਕਿਰਤ ਤੇ ਮਿਹਨਤ ਸਦਕਾ ਗੁਰੂ ਦਾ ਡੰਕਾ ਵਜਾਇਆ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦਾ ਫਲਸਫਾ ਕਰਮ, ਗਿਆਨ ਤੇ ਰੂਹਾਨੀਅਤ ਦਾ ਅਦਭੁਤ ਸੰਗਮ ਹੈ, ਜਿਸ ਨੇ ਸਿੱਖੀ ਦੇ ਮਹਿਲ ਨੂੰ ਮਜ਼ਬੂਤ ਨੀਹਾਂ 'ਤੇ ਉਸਾਰਿਆ ਹੈ। ਗੁਰੂ ਨਾਨਕ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਨੂੰ ਨਵੇਂ ਸਮਾਜ ਦੀ ਸਿਰਜਣਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਆਪਣੇ ਵਿਦਿਅਕ ਅਦਾਰੇ, ਪ੍ਰਚਾਰ ਨੀਤੀ ਉੱਚ ਪੱਧਰ ਦੀ ਉਸਾਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਦਸਾਂ ਸਾਲਾਂ ਦੌਰਾਨ ਕੋਈ ਵੀ ਸਿੱਖ ਤੇ ਪੰਜਾਬੀ ਅਨਪੜ੍ਹ ਨਾ ਰਹੇ।

ਗੁਰੂ ਜੀ ਨੇ ਨਵੀਂ ਜੀਵਨ-ਜਾਚ ਨਾਲ ਸਮਾਜ ਤੇ ਰਾਜਨੀਤੀ ਵਿਚ ਮੁਕੰਮਲ ਤਬਦੀਲੀ ਦਾ ਫਲਸਫਾ ਪੇਸ਼ ਕੀਤਾ, ਜਿਸ ਨੂੰ ਹਿੰਦੂ ਤੇ ਮੁਸਲਮਾਨਾਂ ਨੇ ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਅਪਣਾ ਲਿਆ ਸੀ। ਲੋਕ ਬੋਲੀ ਵਿਚ ਨਾਨਕ ਸ਼ਾਹ ਫਕੀਰ ਹਿੰਦੂ ਦਾ ਗੁਰੂ ਮੁਸਲਿਮ ਦਾ ਪੀਰ ਦਾ ਅਖਾਣ ਬਣ ਗਿਆ। ਬਾਕੀ ਗੁਰੂ ਸਾਹਿਬਾਨਾਂ ਨੇ ਵੀ ਇਸ ਸੋਚ 'ਤੇ ਆਪਣੀ ਮੋਹਰ ਲਾਈ। ਜਿਨ੍ਹਾਂ ਸਾਮਾਜਿਕ ਕੁਰੀਤੀਆਂ ਵਿਰੁੱਧ ਗੁਰੂ ਜੀ ਨੇ ਆਵਾਜ਼ ਉਠਾਈ ਸੀ, ਉਹ ਅੱਜ ਫਿਰ ਸਮਾਜ ਵਿਚ ਨਜ਼ਰ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਸਾਹਿਬ ਦੇ ਫਲਸਫੇ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਲੋੜ ਹੈ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**

**ਕਤਿਕਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 27-11-2023 (ਸੋਮਵਾਰ)**
**ਸੰਗਰਾਂਦ - 16-11-2023 (ਵੀਰਵਾਰ)**
**ਮੱਸਿਆ - 13-11-2023 (ਸੋਮਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 125 | ਨਵੰਬਰ - 2023



| | | |
|---|---|---|
| 1. | ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ | 4 |
| 2. | ਸੰਤ-ਸਿਪਾਹੀ ਗੁਰੂ ਨਾਨਕ ਸਾਹਿਬ | 9 |
| 3. | ਆਸਾ ਦੀ ਵਾਰ ਦਾ ਭਾਵ | 11 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 14 |
| 5. | ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 15 |
| 6. | ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 17 |
| 7. | ਜੀਵਨ ਵਿਕਾਸ - ਇਕ ਸੰਘਰਸ਼ | 19 |
| 8. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 20 |
| 9. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 22 |
| 10. | ਅਪਾਹਜ | 23 |
| 11. | ਆਓ ਜਾਣੀਏ! | 25 |
| 12. | ਸਿਹਤ ਸੰਭਾਲ | 27 |
| 13. | ਕਾਵਿ-ਕਿਆਰੀ | 29 |
| 14. | ਸ਼ਬਦਾਂ ਦੇ ਸੰਜੋਗ | 30 |
| 15. | क्या केवल सिखों के आदि गुरु थे नानक? | 31 |
| 16. | Matrimonial | 34 |
| 17. | Application Form | 36 |
| 18. | ਦਾਨੀ ਸੱਜਣਾਂ ਦੀ ਸੂਚੀ | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ



ਸ਼ਹੀਦ ਮਿਸਲ ਦੇ ਬਾਨੀ ਅਤੇ ਦਮਦਮੀ ਟਕਸਾਲ ਦੇ ਸੰਸਥਾਪਕ ਬਾਬਾ ਦੀਪ ਸਿੰਘ ਜੀ ਦਾ ਜਨਮ ਸੰਨ 1682ਈ: ਵਿਚ ਪਿਤਾ ਭਾਈ ਭਗਤਾ ਜੀ ਦੇ ਘਰ ਮਾਤਾ ਜੀਉਣੀ ਜੀ ਦੀ ਕੁੱਖੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਹੂਵਿੰਡ ਵਿਚ ਹੋਇਆ। ਬਾਬਾ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਬਹੁਤ ਉੱਦਮ ਕੀਤਾ ਅਤੇ ਧਰਮ ਲਈ ਆਪਣੇ ਪ੍ਰਾਣਾਂ ਦੀ ਭੇਟ ਚੜ੍ਹਾ ਕੇ ਸਿੱਖ ਪੰਥ ਦੇ ਸ਼ਹੀਦਾਂ ਵਿਚ ਸਿਰਮੌਰ ਸਥਾਨ ਪ੍ਰਾਪਤ ਕੀਤਾ। ਸਿੱਖ ਪੰਥ ਵਿਚ ਬਾਬਾ ਦੀਪ ਸਿੰਘ ਜੀ ਪ੍ਰਤੀ ਬਹੁਤ ਸ਼ਰਧਾ ਅਤੇ ਸਤਿਕਾਰ ਹੈ। ਜਿਸ ਸਥਾਨ ਨਾਲ ਉਨ੍ਹਾਂ ਦਾ ਸੰਬੰਧ ਰਿਹਾ, ਉੱਥੇ ਦੇ ਲੋਕਾਂ ਨੇ ਉਨ੍ਹਾਂ ਦੀ ਯਾਦ ਨੂੰ ਸਦਾ ਲਈ ਤਾਜ਼ਾ ਰੱਖਣ ਲਈ ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਹੋਈਆਂ ਹਨ ਜਿੱਥੇ ਉਹ ਸਮੇਂ ਸਮੇਂ ਇਕੱਠੇ ਹੋ ਕੇ ਆਪਣੇ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਉਨ੍ਹਾਂ ਦੀਆਂ ਬਣੀਆਂ ਯਾਦਗਾਰਾਂ ਵਿੱਚੋਂ ਕੁਝ ਦਾ ਵਰਣਨ ਇੱਥੇ ਕੀਤਾ ਜਾ ਰਿਹਾ ਹੈ।




**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**


**ਜਨਮ ਸਥਾਨ ਬਾਬਾ ਦੀਪ ਸਿੰਘ ਜੀ :-** ਬਾਬਾ ਦੀਪ ਸਿੰਘ ਜੀ ਦਾ ਜਨਮ ਸਥਾਨ ਪਿੰਡ ਪਹੂਵਿੰਡ ਹੈ ਜੋ ਕਿ ਅੰਮ੍ਰਿਤਸਰ ਤੋਂ ੧੯ ਕਿਲੋਮੀਟਰ ਦੂਰ ਝਬਾਲ ਅਤੇ ਝਬਾਲ ਤੋਂ ੧੬ ਕਿਲੋਮੀਟਰ ਦੂਰ ਅਤੇ ਭਿੱਖੀਵਿੰਡ ਤੋਂ ੩ ਕਿਲੋਮੀਟਰ ਦੂਰ ਸਥਿਤ ਹੈ। ਇਸ ਪਿੰਡ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਪੋਹੂ ਨੇ ਇਹ ਪਿੰਡ ਵਸਾਇਆ ਸੀ। ਬਾਬਾ ਪੋਹੂ ਇਸ ਪਿੰਡ ਤੋਂ ਲੱਗਭਗ ੩ ਕਿਲੋਮੀਟਰ ਦੀ ਦੂਰੀ 'ਤੇ ਭਿੱਖੀਵਿੰਡ ਵਿਚ ਰਹਿੰਦਾ ਸੀ। ਭਿੱਖੀਵਿੰਡ ਦੇ ਮੁਸਲਮਾਨ ਰੰਘੜ ਬਾਬਾ ਪੋਹੂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ ਜਿਸ ਕਾਰਨ ਉਹ ਭਿੱਖੀਵਿੰਡ ਛੱਡ ਕੇ ਇੱਥੇ ਆ ਗਿਆ ਜਿੱਥੇ ਉਸ ਦੇ ਨਾਂ 'ਤੇ ਇਹ ਪਿੰਡ ਪਹੂਵਿੰਡ ਸਥਾਪਿਤ ਹੋ ਗਿਆ। ਬਾਬਾ ਪੋਹੂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਉਸ ਦੇ ਭਤੀਜੇ ਦਾਨਾ, ਮਿਰਜਾ, ਵਸਾਊ ਤੇ ਬਿੰਨਾ ਸਨ। ਇਨ੍ਹਾਂ ਚੌਹਾਂ ਦੇ ਨਾਂ 'ਤੇ ਪਿੰਡ ਦੀਆਂ ਚਾਰ ਪੱਤੀਆਂ ਅਬਾਦ ਹੋਈਆਂ। ਇਸ ਸਮੇਂ ਪਿੰਡ ਪਹੂਵਿੰਡ ਵਿਚ ਬਾਬੇ ਪੋਹੂ ਦੇ ਸੰਧੂ ਖਾਨਦਾਨ ਦੇ ੧੫੦ ਦੇ ਲੱਗਭਗ ਘਰ ਵੱਸਦੇ ਹਨ। ਇਸ ਪਿੰਡ ਦੀ ਅਬਾਦੀ ਵਿਚ ਦੂਸਰੇ ਥਾਂ 'ਤੇ ਖਹਿਰੇ ਜੱਟ ਸਨ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਇੱਥੋਂ ਉੱਠ ਕੇ ਲੱਗਭਗ ੨੦ ਕਿਲੋਮੀਟਰ ਦੂਰ ਪੱਟੀ ਦੇ ਨੇੜੇ ਜਾ ਕੇ ਵੱਸ ਗਏ ਹਨ। ਉਨ੍ਹਾਂ ਨੇ ਆਪਣੇ ਨਵੇਂ ਵਸਾਏ ਪਿੰਡ ਦਾ ਨਾਂ ਵੀ ਸ਼ਹੀਦ ਰੱਖਿਆ ਹੋਇਆ ਹੈ। ਪਹੂਵਿੰਡ ਵਿਚ ਹੁਣ ੩੦-੩੫ ਘਰ ਖਹਿਰੇ ਖਾਨਦਾਨ ਦੇ ਹਨ ਜੋ ਆਪਣੇ ਆਪ ਨੂੰ ਸ਼ਹੀਦ ਕਹਿੰਦੇ ਹਨ। ਪਹੂਵਿੰਡ ਵਿਚ ਉਨ੍ਹਾਂ ਦੀ ਪੱਤੀ ਦਾ ਨਾਂ ਵੀ ਸ਼ਹੀਦ ਪੱਤੀ ਹੈ।

ਮਾਲਵਾ ਸਿੱਖ ਇਤਿਹਾਸ ਦੇ ਕਰਤਾ ਭਾਈ ਵਿਸਾਖਾ ਸਿੰਘ ਅਤੇ ਸ. ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ ਜੱਟਾਂ ਦੇ ਗੋਤਾਂ ਦਾ ਇਤਿਹਾਸਕ ਵੇਰਵਾ ਵਿਚ ਬਾਬਾ ਦੀਪ ਸਿੰਘ ਜੀ ਦਾ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਗੁਰਮ ਦੱਸਿਆ ਗਿਆ ਹੈ। ਇਨ੍ਹਾਂ ਅਨੁਸਾਰ ਬਾਬਾ ਜੀ ਦੇ ਪਿਤਾ ਜੀ ਆਪਣੇ ਸਾਥੀਆਂ ਸਮੇਤ ਅਲਾ ਪੁਰ ਦੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਅਲਾ ਪੁਰ ਦਾ ਨਾਂ ਬਦਲ ਕੇ ਹੁਣ ਲਾਪੁਰ ਹੋ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਪਿੰਡ ਨਵੇਂ ਗੁਰਮ ਦੇ ਪਾਸ ਦੱਖਣ ਵੱਲ ਬਣੀਆਂ ਹੋਈਆਂ ਹਨ। ਬਾਬਾ ਦੀਪ ਸਿੰਘ ਜੀ ਦੇ ਪਿਤਾ ਦਾ ਕੋਈ ਸਕਾ ਭਰਾ ਨਾ ਹੋਣ ਕਰਕੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਬਾਬਾ ਦੀਪ ਸਿੰਘ ਜੀ

ਆਪਣੀ ਮਾਤਾ ਜੀ ਨਾਲ ਆਪਣੇ ਨਾਨਕੇ ਪਿੰਡ ਪਹੂਵਿੰਡ ਆ ਕੇ ਰਹਿਣ ਲੱਗ ਪਏ। ਜਦੋਂ ਬਾਬਾ ਜੀ ਜਵਾਨ ਹੋ ਗਏ ਤਾਂ ਵਾਪਸ ਆਪਣੀ ਮਾਤਾ ਜੀ ਨਾਲ ਗੁਰਮ ਪਿੰਡ ਚਲੇ ਗਏ। ਬਾਬਾ ਜੀ ਦੇ ਮਾਤਾ ਜੀ ਬਾਬਾ ਜੀ ਦੀ ਸ਼ਹੀਦੀ ਤੋਂ ਕਾਫ਼ੀ ਸਮਾਂ ਬਾਅਦ ਤਕ ਇਸੇ ਪਿੰਡ ਵਿਚ ਰਹਿੰਦੇ ਹੋਏ ਅਕਾਲ ਚਲਾਣਾ ਕਰ ਗਏ। ਬਾਬਾ ਜੀ ਦਾ ਜਨਮ ਸਥਾਨ ਕਿਹੜਾ ਸੀ ਭਾਵੇਂ ਇਹ ਖੋਜ ਦਾ ਵਿਸ਼ਾ ਹੈ ਪਰ ਇਸ ਗੱਲ ਨਾਲ ਸਾਰੇ ਵਿਦਵਾਨ ਸਹਿਮਤ ਹਨ ਕਿ ਬਾਬਾ ਜੀ ਦਾ ਸੰਬੰਧ ਪਹੂਵਿੰਡ ਪਿੰਡ ਨਾਲ ਗੂੜ੍ਹਾ ਸੀ ਭਾਵੇਂ ਇਹ ਉਨ੍ਹਾਂ ਦੇ ਦਾਦਕੇ ਸਨ ਜਾਂ ਨਾਨਕੇ ਜਿੱਥੇ ਉਹ ਬਚਪਨ ਤੋਂ ਜਵਾਨ ਅਵਸਥਾ ਤਕ ਵਿਚਰਦੇ ਰਹੇ। ਪਹੂਵਿੰਡ ਪਿੰਡ ਪਾਕਿਸਤਾਨ ਬਣਨ ਤੋਂ ਪਹਿਲਾਂ ਜ਼ਿਲ੍ਹਾ ਲਾਹੌਰ ਦੀ ਕਸੂਰ ਤਹਿਸੀਲ ਵਿਚ ਹੁੰਦਾ ਸੀ ਅੱਜਕਲ੍ਹ ਇਹ ਜ਼ਿਲ੍ਹਾ ਤਰਨਤਾਰਨ ਦੀ ਪੱਟੀ ਤਹਿਸੀਲ ਵਿਚ ਹੈ। ਗੁਰਦੁਆਰਾ ਜਨਮ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਾਨਦਾਰ ਇਮਾਰਤ ਇਸ ਪਿੰਡ ਦੀ ਸ਼ਾਨ ਹੈ। ਬਾਬਾ ਜੀ ਦੀ ਯਾਦ ਵਿਚ ਪੁਰਾਣਾ ਗੁਰਦੁਆਰਾ ਮਿਰਜੇ ਦੀ ਪੱਤੀ ਵਿਚ ਬਣਿਆ ਹੋਇਆ ਹੈ। ਪਿੰਡ ਵਾਸੀਆਂ ਅਨੁਸਾਰ ਪਿੰਡ ਵਿਚ ਬਾਬਾ ਜੀ ਦੀ ਯਾਦ ਵਿਚ ਨਵੇਂ ਉਸਾਰੇ ਗੁਰਦੁਆਰਾ ਸਾਹਿਬ ਦੀ ਨੀਂਹ ੧੯੬੯ ਈ: ਵਿਚ ਰੱਖੀ ਗਈ ਸੀ ਅਤੇ ਇਸ ਦੀ ਉਸਾਰੀ ਦਾ ਕੰਮ ੧੯੮੪-੮੫ ਤਕ ਚਲਦਾ ਰਿਹਾ। ੧੯੮੩ ਈ: ਵਿਚ ਇਸ 'ਤੇ ਸੋਨੇ ਦਾ ਕਲਸ ਸੁਸ਼ੋਭਿਤ ਕੀਤਾ ਗਿਆ। ਇਸ ਨਵੇਂ ਸਥਾਨ 'ਤੇ ਬਣੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਹਿਲਾਂ ਮੁਸਲਮਾਨਾਂ ਦੀ ਮਲਕੀਅਤ ਸੀ। ਪਹੂਵਿੰਡ ਵਿਚ ੩੦੦ ਦੇ ਲੱਗਭਗ ਮੁਸਲਮਾਨਾਂ ਦੇ ਘਰ ਸਨ ਜੋ ੧੯੪੭ ਈ: ਵਿਚ ਪਾਕਿਸਤਾਨ ਚਲੇ ਗਏ ਅਤੇ ਇਹ ਉਨ੍ਹਾਂ ਦੀ ਜ਼ਮੀਨ ਲਾਵਾਰਿਸ ਪਈ ਸੀ। ਇਸ ਖੁੱਲ੍ਹੀ ਥਾਂ 'ਤੇ ਪਿੰਡ ਵਾਲਿਆਂ ਨੇ ਸਲਾਹ-ਮਸ਼ਵਰਾ ਕਰ ਕੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਾ ਕੇ ਇੱਥੇ ਸੰਨ ੧੯੮੨ ਈ: ਵਿਚ ਬਾਬਾ ਜੀ ਦਾ ੩੦੦ ਸਾਲਾ ਜਨਮ ਦਿਵਸ ਧੂਮ-ਧਾਮ ਨਾਲ ਮਨਾਇਆ ਸੀ।

**ਤਲਵੰਡੀ ਸਾਬੋ ਵਿਖੇ ਬਾਬਾ ਦੀਪ ਸਿੰਘ ਜੀ** :- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਦੇ ਵਿਚ ਦੀ ਹੁੰਦੇ ਹੋਏ ਪਿੰਡਾਂ ਵਿਚ ਠਹਿਰਦੇ ਹੋਏ ਤਲਵੰਡੀ ਸਾਬੋ ਪਹੁੰਚੇ ਅਤੇ ਇਸ ਜਗ੍ਹਾ 'ਤੇ ਆ ਕੇ ਟਿਕ ਗਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਜਿਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਤਲਵੰਡੀ ਸਾਬੋ ਵਿਖੇ ਅੱਜ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਇਸ ਜਗ੍ਹਾ 'ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ। ਇਸੇ ਜਗ੍ਹਾ 'ਤੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਪੁੱਛਿਆ ਸੀ। ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਦੇ ਕਾਫ਼ੀ ਸਮਾਂ ਟਿਕੇ ਰਹਿਣ ਕਰਕੇ ਇਸ ਜਗ੍ਹਾ ਦੇ ਕਈ ਸਥਾਨ ਗੁਰੂ ਸਾਹਿਬ ਦੀਆਂ ਯਾਦਾਂ ਨਾਲ ਜੁੜੇ ਹੋਏ ਹਨ ਅਤੇ ਸਿੱਖ ਦੂਰੋਂ-ਦੂਰੋਂ ਚੱਲ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਇਸ ਜਗ੍ਹਾ 'ਤੇ ਆਉਂਦੇ ਸਨ। ਉੱਚ-ਕੋਟੀ ਦੇ ਵਿਦਵਾਨ, ਨਾਮ-ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਵੀ ਇਸ ਜਗ੍ਹਾ 'ਪੁਰ ਗੁਰੂ ਜੀ ਪਾਸ ਰਹਿਣ ਲੱਗੇ।

**ਗੁਰਦੁਆਰਾ ਲਿਖਣਸਰ ਸਾਹਿਬ ਤਲਵੰਡੀ ਸਾਬੋ** :- ਦਮਦਮਾ ਸਹਿਬ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਰੋਵਰ ਦੇ ਕੰਢੇ ਬੈਠ ਕੇ ਭਾਈ ਮਨੀ ਸਿੰਘ ਜੀ ਤੋਂ ਬਾਣੀ ਲਿਖਵਾਉਂਦੇ ਸਨ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ ਦਰਜ ਬਾਣੀ ਦੇ ਨਾਲ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਸ ਸਥਾਨ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਸ ਕਾਰਜ ਲਈ ਬਾਬਾ ਦੀਪ ਸਿੰਘ ਜੀ ਕਲਮਾਂ ਘੜ ਕੇ ਦੇਣ ਦੀ ਸੇਵਾ ਕਰਦੇ ਸਨ। ਲਿਖਾਈ ਦਾ ਕੰਮ ਕਠਿਨ ਕਾਰਜ ਸੀ, ਜਿਸ ਵਿਚ ਅਨੇਕਾਂ ਕਲਮਾਂ, ਕਾਗਜ਼ ਤੇ ਸਿਆਹੀ ਦੀ ਵਰਤੋਂ ਹੋਈ। ਲਿਖਾਈ ਕਰਦਿਆਂ ਜਿਸ ਕਲਮ ਦਾ ਮੂੰਹ ਘਸ ਜਾਂਦਾ ਸੀ, ਗੁਰੂ ਜੀ ਉਸ ਕਲਮ ਨੂੰ ਦੁਬਾਰਾ ਨਹੀਂ ਘੜਾਉਂਦੇ ਸਨ ਉਸ ਨੂੰ ਸੰਭਾਲ ਕੇ ਰੱਖ ਲੈਂਦੇ ਸਨ। ਲਿਖਾਈ ਦੇ ਕਾਰਜ ਦੀ ਸੰਪੂਰਨਤਾ ਉਪਰੰਤ ਇਸ ਪ੍ਰਕਾਰ ਦੀਆਂ ਘਸੀਆਂ ਕਲਮਾਂ ਅਤੇ ਬਚੀ ਸਿਆਹੀ ਨੂੰ ਗੁਰੂ ਜੀ ਨੇ ਮੌਜੂਦਾ ਲਿਖਣਸਰ ਸਰੋਵਰ ਵਿਚ ਜਲ ਪ੍ਰਵਾਹ ਕਰ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਫੁਰਮਾਇਆ ਕਿ ਇਹ ਸਥਾਨ ਗੁਰੂ ਕੀ ਕਾਸ਼ੀ ਹੈ ਭਾਵ ਦਮਦਮਾ ਸਾਹਿਬ ਗੁਰਮਤਿ ਦੇ ਗਿਆਨ ਦਾ ਖੇਤਰ ਹੋਵੇਗਾ ਜਿੱਥੇ ਗੁਰਮਤਿ ਵਿਚ ਪ੍ਰਬੁੱਧ ਵਿਦਵਾਨ ਲਿਖਾਰੀ ਪੈਦਾ ਹੋਣਗੇ। ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ 'ਤੇ ਸੰਪਰਦਾਈ ਗਿਆਨੀਆਂ ਦੀ ਟਕਸਾਲ ਕਾਇਮ ਕੀਤੀ। ਗੁਰੂ ਜੀ ਦੇ ਅਸ਼ੀਰਵਾਦ ਦਾ ਜ਼ਿਕਰ ਅਨੇਕਾਂ ਇਤਿਹਾਸਕ ਗ੍ਰੰਥਾਂ ਅੰਦਰ ਮਿਲਦਾ ਹੈ, ਜਿਵੇਂ:

**ਇਹ ਪ੍ਰਗਟ ਹਮਾਰੀ ਕਾਸ਼ੀ। ਪੜਹੈ ਇਹਾਂ ਢੋਰ ਮਤਿ ਰਾਸੀ।**
**ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧ ਹ੍ਵੈ ਹੈਂ ਇਤਿ ਆਨੀ।**
**ਤਿਨ ਕੇ ਕਾਰਨ ਕਲਮ ਘਢ ਦੇਤ ਪ੍ਰਗਟ ਹਮ ਡਾਰ।**
**ਸਿਖ ਸਖਾ ਇਤ ਪੜੈਂਗੇ ਹਮਰੇ ਕਈ ਹਜਾਰ।**
**(ਭਾਈ ਸੁੱਖਾ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀਂ,**
**ਸਫ਼ਾ ੩੬੧-੬੨**)

ਅੱਜਕਲ੍ਹ ਇਸ ਸਥਾਨ 'ਤੇ ਗੁਰਦੁਆਰਾ ਲਿਖਣਸਰ ਸਾਹਿਬ ਸੁਸ਼ੋਭਿਤ ਹੈ ਜਿੱਥੇ ਅਨੇਕਾਂ ਪ੍ਰਾਣੀ ਗੁਰਮੁਖੀ ਦੀ ਵਰਣਮਾਲਾ ਲਿਖ ਕੇ ਵਿੱਦਿਆ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ।

**ਅਕਾਲਸਰ ਸਰੋਵਰ ਤਲਵੰਡੀ ਸਾਬੋ** :- ਇਹ ਇਤਿਹਾਸਕ ਸਰੋਵਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਦੇ ਨਾਲ ਅੱਠ-ਕੋਨੇ ਆਕਾਰ ਵਿਚ ਹੈ। ਇਸ ਸਰੋਵਰ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਸੀਂ ਇਸ਼ਨਾਨ ਕਰਿਆ ਕਰਦੇ ਸਨ। ਪ੍ਰਾਚੀਨ ਸਮੇਂ ਵਿਚ ਇਸ ਸਰੋਵਰ ਦੀ ਕਾਰ-ਸੇਵਾ ਬਾਬਾ ਦੀਪ ਸਿੰਘ ਜੀ ਨੇ ਕੀਤੀ ਸੀ। ਬਾਅਦ ਵਿਚ ਬਾਬਾ ਚੰਦਾ ਸਿੰਘ ਕੱਟੂ ਵਾਲਿਆਂ ਨੇ ਸਰੋਵਰ ਨੂੰ ਅੱਠ-ਕੋਨਾ ਪੱਕਾ ਬਣਵਾਇਆ ਸੀ।

**ਭੋਰਾ ਸਾਹਿਬ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ** :- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਲ ਹੀ ਇਕ ਭੋਰਾ ਸਾਹਿਬ ਹੈ ਜਿੱਥੇ ਬਾਬਾ ਦੀਪ ਸਿੰਘ ਜੀ ਇਕਾਂਤ ਵਿਚ ਬੈਠ ਕੇ ਨਾਮ ਸਿਮਰਨ ਕਰਿਆ ਕਰਦੇ ਸਨ। ਇੱਥੇ ਹੀ ਬਾਬਾ ਜੀ ਆਪਣੀ ਰਿਹਾਇਸ਼ ਰੱਖਦੇ ਸਨ। ਇਹ ਭੋਰਾ ਬਾਬਾ ਦੀਪ ਸਿੰਘ ਜੀ ਨੇ ਆਪ ਬਣਾਇਆ ਹੈ। ਇਸ ਭੋਰਾ ਸਾਹਿਬ ਦੀ ਬਣਤਰ ਖਾਸ ਕਿਸਮ ਦੀ ਹੈ ਜੋ ਆਪਣੇ ਆਪ ਵਿਚ ਇਮਾਰਤ ਕਲਾ ਦਾ ਇਕ ਉੱਤਮ

ਨਮੂਨਾ ਹੈ। ਸੁਰੱਖਿਆ ਦੇ ਪੱਖ ਤੋਂ ਬਹੁਤ ਹੀ ਉੱਤਮ ਹੈ। ਇਸ ਵਿਚ ਬੈਠੇ ਵਿਅਕਤੀ ਦੀਆਂ ਨਜ਼ਰਾਂ ਤੋਂ ਇਸ ਪਾਸੇ ਕਿੱਧਰੋਂ ਵੀ ਆਉਣ ਵਾਲਾ ਕੋਈ ਵਿਅਕਤੀ ਬਚ ਨਹੀਂ ਸਕਦਾ। ਇਸ ਭੋਰੇ ਦੇ ਦਰਸ਼ਨ ਕਰ ਕੇ ਬਾਬਾ ਦੀਪ ਸਿੰਘ ਜੀ ਦਾ ਨਾਮ-ਸਿਮਰਨ ਨਾਲ ਪਿਆਰ ਅਤੇ ਉਨ੍ਹਾਂ ਦੇ ਜੀਵਨ-ਢੰਗ ਬਾਰੇ ਜਾਣਿਆ ਜਾ ਸਕਦਾ ਹੈ।

**ਖੂਹ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ** :- ਤਲਵੰਡੀ ਸਾਬੋ ਦੇ ਇਲਾਕੇ ਦਾ ਪਾਣੀ ਬਹੁਤ ਖਾਰਾ ਸੀ ਅਤੇ ਇਹ ਪੀਣ ਦੇ ਲਾਇਕ ਨਹੀਂ ਸੀ। ਇਲਾਕੇ ਦੇ ਲੋਕਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਇਸ ਮੁਸ਼ਕਲ ਬਾਰੇ ਬੇਨਤੀ ਕੀਤੀ। ਲੋਕਾਂ ਦੀ ਮੁਸ਼ਕਲ ਦੇ ਹੱਲ ਲਈ ਬਾਬਾ ਦੀਪ ਸਿੰਘ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕਰ ਕੇ ਇਕ ਖੂਹ ਖੁਦਵਾਇਆ ਜਿਸ ਦਾ ਪਾਣੀ ਬਹੁਤ ਮਿੱਠਾ ਨਿਕਲਿਆ। ਅੱਜ ਵੀ ਇਸ ਖੂਹ ਨੇ ਬਾਬਾ ਜੀ ਦੀ ਯਾਦ ਨੂੰ ਸੰਭਾਲਿਆ ਹੋਇਆ ਹੈ ਜਿਸ ਦਾ ਪਾਣੀ ਪੂਰੇ ਗੁਰਦੁਆਰਾ ਕੰਪਲੈਕਸ ਵਿਚ ਵਰਤਿਆ ਜਾਂਦਾ ਹੈ। ਇਸ ਖੂਹ ਨੂੰ ਬਾਬਾ ਦੀਪ ਸਿੰਘ ਜੀ ਵਾਲਾ ਖੂਹ ਕਿਹਾ ਜਾਂਦਾ ਹੈ। ਇਹ ਖੂਹ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਅੰਦਰ ਪ੍ਰਵੇਸ਼ ਕਰਦਿਆਂ ਹੀ ਸੱਜੇ ਪਾਸੇ ਸੁਸ਼ੋਭਿਤ ਹੈ। ਇਸ ਖੂਹ ਨੂੰ ਸ਼ਹੀਦਾਂ ਵਾਲਾ ਖੂਹ ਵੀ ਕਿਹਾ ਜਾਂਦਾ ਹੈ।

**ਬੁਰਜ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ** :- ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੇ ਨਾਲ ਜੀ ਉੱਚਾ ਬੁਰਜ ਨਜ਼ਰ ਆਉਂਦਾ ਹੈ। ਇਹ ਵੀ ਬਾਬਾ ਦੀਪ ਸਿੰਘ ਜੀ ਨੇ ਬਣਵਾਇਆ ਸੀ। ਇਸ ਬੁਰਜ ਤੋਂ ਪੂਰਾ ਨਗਰ ਨਜ਼ਰ ਆਉਂਦਾ ਹੈ ਜਿਸ ਕਾਰਨ ਸੁਰੱਖਿਆ ਦੇ ਪੱਖੋਂ ਇਹ ਬੁਰਜ ਬਹੁਤ ਮਹੱਤਤਾ ਰੱਖਦਾ ਹੈ। ਗਰਮੀਆਂ ਦੇ ਦਿਨਾਂ ਵਿਚ ਇਹ ਬੁਰਜ ਠੰਡੀ ਹਵਾ ਲੈਣ ਦਾ ਸਾਧਨ ਵੀ ਹੈ। ਬਾਬਾ ਜੀ ਇਸ ਸਥਾਨ 'ਤੇ ਰਹਿ ਕੇ ਲਿਖਾਰੀਆਂ ਨੂੰ ਗੁਰਮੁਖੀ ਦੀ ਸੁੰਦਰ ਲਿਖਾਈ ਲਿਖਣੀ ਸਿਖਾਉਂਦੇ ਸਨ। ਇੱਥੇ ਹੀ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਸਨ। ਇਹ ਬੁਰਜ ਗੜ੍ਹੀ ਦੀ ਸ਼ਕਲ ਦਾ ਬਣਿਆ ਹੋਇਆ ਹੈ ਜੋ ਕਿ ਅੱਠ-ਕੋਨੇ ਆਕਾਰ ਦਾ ਹੈ। ਇਸ ਬੁਰਜ ਦੀ ਉਚਾਈ ੭੦ ਫੁੱਟ ਦੇ ਲੱਗਭਗ ਹੈ।

**ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਸੋਲਖੀਆਂ (ਰੋਪੜ)** :- ਪਿੰਡ ਸੋਲਖੀਆਂ ਚੰਡੀਗੜ੍ਹ-ਰੋਪੜ ਮਾਰਗ 'ਤੇ ਸਥਿਤ ਹੈ। ਇਸ ਪਿੰਡ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪ੍ਰੋ. ਗੰਡਾ ਸਿੰਘ ਅਨੁਸਾਰ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦੀ ਸਜ਼ਾ ੧੭੧੦ ਈ: ਵਿਚ ਸਰਹਿੰਦ 'ਤੇ ਹਮਲਾ ਕਰਕੇ ਉਸ ਨੂੰ ਪਾਰ ਬੁਲਾ ਕੇ ਦਿੱਤੀ। ਸਰਹਿੰਦ ਦੇ ਕਿਲ੍ਹੇ ਤੋਂ ਮੁਗ਼ਲਈ ਝੰਡਾ ਲਾਹ ਕੇ ਖਾਲਸਾਈ ਨਿਸ਼ਾਨ ਝੁਲਾ ਦਿੱਤੇ। ਚਪੜ-ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਗਹਿਗੱਚ ਲੜਾਈ ਸੂਬਾ ਸਰਹਿੰਦ ਨਾਲ ਹੋਈ ਤਾਂ ਇਸ ਯੁੱਧ ਵਿਚ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੇ ਜਥੇ ਸਮੇਤ ਸ਼ਮੂਲੀਅਤ ਕਰਕੇ ਵੈਰੀਆਂ ਦੇ ਐਸੇ ਦੰਦ ਖੱਟੇ ਕੀਤੇ ਕਿ ਮੁਗ਼ਲ ਫੌਜਾਂ ਨੂੰ ਭੱਜਦੀਆਂ ਨੂੰ ਰਾਹ ਨਹੀਂ ਸੀ ਲੱਭ ਰਿਹਾ। ਸਰਹਿੰਦ ਦੀ ਫ਼ਤਿਹ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਵਾਪਿਸ ਜਾਂਦੇ ਸਮੇਂ ਆਪਣੇ ਜਥੇ ਨਾਲ ਪਿੰਡ ਸੋਲਖੀਆਂ ਵਿਚ ਠਹਿਰੇ ਸਨ ਅਤੇ ਇਕ ਦਿਨ ਵਿਸ਼ਰਾਮ ਕੀਤਾ। ਇਸ ਯਾਦ ਨੂੰ ਪਿੰਡ ਵਾਸੀਆਂ ਨੇ ਆਪਣੇ ਦਿਲ ਵਿਚ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਯਾਦ ਨੂੰ ਤਾਜ਼ਾ ਰੱਖਣ ਲਈ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤਾ ਹੈ। ਇਸ ਸਥਾਨ 'ਤੇ ਪਹਿਲਾਂ ਜੰਗਲ ਬੀਆਬਾਨ ਸੀ। ਸੰਨ ੧੯੬੯ ਈ: ਵਿਚ ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦਾ ਨੀਂਹ-ਪੱਥਰ ਰੱਖਿਆ ਗਿਆ। ਅੱਜਕਲ੍ਹ ਇਸ ਸਥਾਨ ਦੀ ਸੇਵਾ ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ ਜਥੇਦਾਰ ਹਰੀਆਂ ਵੇਲਾਂ ਵਾਲੇ ਕਰ ਰਹੇ ਹਨ। ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਮਤਿ ਵਿਦਿਆਲਾ ਵੀ ਚਲਾਇਆ ਜਾ ਰਿਹਾ ਹੈ। ਇਸ ਸਥਾਨ 'ਤੇ ਫਰਵਰੀ ਦੇ ਮਹੀਨੇ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਵਿਚ ਸਾਲਾਨਾ ਸਮਾਗਮ ਮਨਾਏ ਜਾਂਦੇ ਹਨ।

**ਗੁਰਦੁਆਰਾ ਲਕੀਰ ਸਾਹਿਬ ਤਰਨਤਾਰਨ** :- ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ 'ਤੇ ਜਬਰ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਸਿੰਘ ਜੰਗਲਾਂ-ਪਹਾੜਾਂ ਵਿਚ ਚਲੇ ਗਏ। ਅਹਿਮਦ ਸ਼ਾਹ ਅਬਦਾਲੀ ਨੇ ੧੭੫੬-੫੭ ਈ: ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਢਾਹ-ਢੇਰੀ ਕਰ ਦਿੱਤਾ, ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਇਸ ਸਥਾਨ 'ਤੇ ਮੁਸਲਮਾਨ ਸਿਪਾਹੀਆਂ ਨੇ ਕਬਜ਼ਾ ਕਰ ਕੇ ਆਮ ਜਨਤਾ ਦਾ ਆਉਣਾ-ਜਾਣਾ ਬੰਦ ਕਰ ਦਿੱਤਾ ਸੀ। ਇਸ ਗੱਲ ਦਾ ਪਤਾ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਜਥੇਦਾਰ ਭਾਗ ਸਿੰਘ ਤੋਂ ਲੱਗਾ ਤਾਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਗ਼ਲ ਸਿਪਾਹੀਆਂ ਹੱਥੋਂ ਅਜ਼ਾਦ ਕਰਵਾਉਣ ਲਈ ਅਰਦਾਸਾ ਸੋਧਿਆ ਕਿ ਜੇਕਰ ਇਸ ਮੰਤਵ ਨੂੰ ਪੂਰਾ ਕਰਦਿਆਂ ਸ਼ਹੀਦੀ ਪ੍ਰਾਪਤ ਹੋਵੇ ਤਾਂ ਉਹ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੀ ਹੋਵੇ। ਬਾਬਾ ਜੀ ਦੀ ਉਮਰ ਇਸ ਵੇਲੇ ੭੯ ਸਾਲ ਦੀ ਸੀ। ਬਾਬਾ ਜੀ ਆਪਣੇ ਸਾਥੀ ਸਿੰਘਾਂ ਸਮੇਤ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

**ਅੰਮ੍ਰਿਤਸਰ ਗੁਰਦੁਆਰੇ ਕੇਰੀ। ਸੁਨੀ ਬਿਅਦਬੀ ਸਿੰਘਨ ਬਥੇਰੀ।**
**ਪੰਥ ਨਹੀਂ ਥਾ ਸਬ ਇਕ ਠੌਰੈਂ। ਸਨ ਸਿੰਘਨ ਪਛਤਾਵੈ ਗੌਰੈਂ।**
**ਮਿਸਲ ਸ਼ਹੀਦਨ ਕਾ ਸਰਦਾਰੈਂ। ਦੀਪ ਸਿੰਘ ਥਾ ਬਡੋ ਉਦਾਰੈਂ।**
**ਰਹਿਤ ਦਮਦਮੇ ਢਿਗ ਤਲਵੰਡੀ। ਤਿਸਕੋ ਚੰਡੀ ਅਧਕ ਸੁਨ ਚੰਡੀ।**
**ਸਭਾ ਮਧ ਉਨ ਐਸ ਉਚਾਰਾ। ਸੁਰਬੀਰ ਸਿੰਘ ਜੋ ਗੁਰ ਪਿਆਰਾ।**
**ਧਰਮ ਰਖਯੋ ਚਿਹ ਜੋ ਗੁਰਦੁਆਰਾ। ਸੋ ਹਮਰੈ ਸੰਗ ਹੋਵੇ ਤਿਆਰਾ।**
**ਇਸ ਸੁਨ ਪੁਨ ਬਹੁ ਸਿੰਘਨ ਬਖਾਨਾ। ਹੇਤ ਧਰਮ ਹਮ ਦੇਹੈ ਜਾਨਾ।**
**ਸਿੰਘ ਜੀ ਖੁਸਿ ਹਵੈ ਪਾਠ ਕਰਾਯੋ। ਭੋਗ ਪਾਇ ਕੰਗਨਾ ਬੰਧਵਾਯੋ।**

**(ਪੰਥ ਪ੍ਰਕਾਸ਼, ਸਫ਼ਾ ੯੧੩)**

ਆਪ ਨੇ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਸੌਂਪ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਉਸ ਸਮੇਂ ਆਪ ਜੀ ਦੇ ਨਾਲ ਸਿਰਫ਼ ਪੰਜ ਸੌ ਸਿੰਘਾਂ ਦਾ ਜਥਾ ਸੀ। ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਾਨ, ਮਾਹਨਵਾਲ, ਕੋਟ, ਪੰਜੋ ਕੇ, ਗੁਰੂ ਚੌਤਰਾਂ, ਫੂਲ, ਮਹਿਰਾਜ, ਤੋਂ ਹੋਰ ਸਿੰਘ ਜਥੇ ਵਿਚ ਰਲਦੇ ਗਏ। ਇਸ ਤਰ੍ਹਾਂ ਤਰਨਤਾਰਨ ਪਹੁੰਚਣ ਤੀਕ ਆਪ ਜੀ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ

ਜਥਾ ਬਣ ਗਿਆ ਸੀ। ਤਰਨਤਾਰਨ ਸਾਹਿਬ ਆ ਕੇ ਬਾਬਾ ਜੀ ਨੇ ਜੁਝਾਰੂ ਸਿੰਘਾਂ ਨੂੰ ਕਿਹਾ ਕਿ ਉਹ ਧਰਮ ਲਈ ਕੁਰਬਾਨ ਹੋਣ ਲਈ ਜਾ ਰਹੇ ਹਨ, ਜੇਕਰ ਕਿਸੇ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ ਅਤੇ ਜਿਸ ਨੇ ਜੂਝ ਕੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਹੀ ਉਨ੍ਹਾਂ ਦੇ ਨਾਲ ਆਵੇ। ਇਸ ਦੀ ਪਰਖ ਲਈ ਬਾਬਾ ਜੀ ਨੇ ਧਰਤੀ 'ਤੇ ਇਕ ਲਕੀਰ ਖਿੱਚ ਕੇ ਕਿਹਾ ਕਿ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕਰਨੀ ਹੈ ਉਹ ਲਕੀਰ ਦੇ ਇਸ ਪਾਰ ਆ ਜਾਵੇ ਅਤੇ ਜਿਸ ਨੂੰ ਜਾਨ ਪਿਆਰੀ ਹੈ ਉਹ ਵਾਪਿਸ ਚਲਾ ਜਾਵੇ। ਤਸੱਲੀ ਵਾਲੀ ਗੱਲ ਸੀ ਕਿ ਸਾਰੇ ਸਿੰਘ ਲਕੀਰ ਟੱਪ ਗਏ। ਉਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਲਲਕਾਰ ਸਾਹਿਬ, ਗੋਹਲਵੜ** :- ਬਾਬਾ ਦੀਪ ਸਿੰਘ ਜੀ ਆਪਣੇ ਸਿਰਲੱਥ ਯੋਧਿਆਂ ਨੂੰ ਨਾਲ ਲੈ ਇਸ ਸਥਾਨ 'ਤੇ ਡਟ ਗਏ। ਉਨ੍ਹਾਂ ਨੇ ਦੁਸ਼ਮਣ ਫੌਜਾਂ ਨੂੰ ਲਲਕਾਰਿਆ ਅਤੇ ਯੁੱਧ ਕਰਨ ਲਈ ਅੱਗੇ ਆਉਣ ਲਈ ਕਿਹਾ। ਬਾਬਾ ਜੀ ਦੀ ਇਸ ਯਾਦ ਵਿਚ ਇੱਥੇ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ।

**ਗੁਰਦੁਆਰਾ ਟਾਹਲਾ ਸਾਹਿਬ** :- ਉਧਰ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜੀ ਅਤਾਈ ਖਾਨ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਗਾ ਰਿਹਾ ਸੀ। ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ ਹੁਕਮ ਹੋਇਆ। ਉਧਰੋਂ ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਨ ਲਈ ਵੰਗਾਰਿਆ। ਲਾਹੌਰ ਦਾ ਫੌਜਦਾਰ ਜਹਾਨ ਖਾਨ ਦੋ ਹਜ਼ਾਰ ਸਵਾਰ ਲੈ ਕੇ ਅੰਮ੍ਰਿਤਸਰ ਵੱਲ ਚੱਲ ਪਿਆ। ਦੋਹਾਂ ਦਲਾਂ ਦਾ ਗੋਹਲਵੜ ਨੇੜੇ ਟਾਕਰਾ ਹੋ ਗਿਆ। ਸਿੰਘਾਂ ਨੇ ਅਜਿਹੀ ਸੂਰਬੀਰਤਾ ਵਿਖਾਈ ਕਿ ਸ਼ਾਹੀ ਫੌਜ ਵਿਚ ਭਾਜੜ ਪੈ ਗਈ। ਪਰ ਏਨੇ ਚਿਰ ਵਿਚ ਹਾਜ਼ੀ ਅਤਾਈ ਖਾਨ ਵੀ ਫੌਜ ਅਤੇ ਤੋਪਾਂ ਲੈ ਕੇ ਪਹੁੰਚ ਗਿਆ। ਬੜੇ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਅੰਮ੍ਰਿਤਸਰ ਪੁੱਜਣ ਦੀ ਕੋਸ਼ਿਸ਼ ਵਿਚ ਅਜਿਹੀ ਤਲਵਾਰ ਚਮਕਾਈ ਅਤੇ ਬਹਾਦਰੀ ਵਿਖਾਈ ਕਿ ਛੇ ਕੋਹ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਸਾਰੀ ਧਰਤੀ ਖੂਨੋ-ਖੂਨ ਹੋ ਗਈ। ਗੋਹਲਵੜ ਵਾਲੀ ਥਾਂ 'ਤੇ ਜਿੱਥੋਂ ਬਾਬਾ ਦੀਪ ਸਿੰਘ ਜੀ ਦੀ ਮੁਗਲਾਂ ਨਾਲ ਲੜਾਈ ਸ਼ੁਰੂ ਹੋਈ ਉਸ ਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ** :- ਅੰਮ੍ਰਿਤਸਰ ਦੇ ਬਾਹਰ ਰਾਮਸਰ ਦੇ ਪਾਸ ਬਾਬਾ ਦੀਪ ਸਿੰਘ ਜੀ ਨੂੰ ਧੌਣ 'ਤੇ ਤਲਵਾਰ ਦਾ ਜ਼ਬਰਦਸਤ ਮਾਰੂ ਵਾਰ ਹੋਇਆ। ਉਨ੍ਹਾਂ ਦਾ ਸੀਸ ਡਿੱਗਣ ਹੀ ਲੱਗਾ ਸੀ ਕਿ ਪਾਸੋਂ ਇਕ ਸਿੰਘ ਨੇ ਪਿਆਰ ਨਾਲ ਕਿਹਾ, 'ਬਾਬਾ ਜੀ ! ਤੁਸੀਂ ਅਰਦਾਸਾ ਤਾਂ ਸੋਧਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦ ਹੋਈਏ ਪਰ ਆਪ ਉਰੇ ਹੀ ਫ਼ਤਹ ਗਜਾ ਚਲੇ ਹੋ !' ਇਹ ਸੁਣ ਕੇ ਬਾਬਾ ਜੀ ਨੇ ਸੀਸ ਨੂੰ ਖੱਬੇ ਹੱਥ ਨਾਲ ਸਾਂਭਿਆ ਅਤੇ ਸੱਜੇ ਹੱਥ ਨਾਲ ੮ ਸੇਰ (ਕੱਚਾ) ਦਾ ਖੰਡਾ ਵਾਹੁੰਦੇ ਤੇ ਵੈਰੀਆਂ ਦੇ ਆਹੂ ਲਾਹੁੰਦੇ ਸ੍ਰੀ ਦਰਬਾਰ ਸਾਹਿਬ ਵੱਲ ਚੱਲ ਪਏ। ਇਸ ਜਗ੍ਹਾ 'ਤੇ ਬਾਬਾ ਜੀ ਦੀ ਬੇਮਿਸਾਲ ਸੂਰਮਗਤੀ ਦੀ ਇਤਿਹਾਸਕ ਯਾਦ ਵਿਚ ਅੰਮ੍ਰਿਤਸਰ ਦੇ ਚਾਟੀਵਿੰਡ ਦਰਵਾਜ਼ੇ ਦੇ ਨੇੜੇ ਗੁਰਦੁਆਰਾ ਰਾਮਸਰ ਸਾਹਿਬ ਦੇ ਪਾਸ ਬਾਬਾ ਦੀਪ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਬਣਿਆ ਪ੍ਰਸਿੱਧ ਗੁਰਦੁਆਰਾ ਸਾਹਿਬ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਇੱਥੇ ਹੀ ਬਾਬਾ ਜੀ ਦੇ ਮ੍ਰਿਤਕ ਸਰੀਰ ਦਾ ਦਾਹ ਸੰਸਕਾਰ ਕੀਤਾ ਗਿਆ ਸੀ।

ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਸ਼ਹੀਦ ਗੰਜ ਦੀ ਸਿਰਜਣਾ ਕਰਵਾਈ ਸੀ। ਬਾਅਦ ਵਿਚ ਪੰਥ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਨੇ ਸ਼ਹੀਦ ਗੰਜ ਨੂੰ ਯਾਦਗਾਰੀ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਵਿਕਸਿਤ ਕੀਤਾ। ਇਸ ਸਥਾਨ ਦਾ ਪ੍ਰਬੰਧ ਪਹਿਲਾਂ ਸ਼ਹੀਦ ਮਿਸਲ ਦੇ ਸਰਦਾਰ ਕਰਦੇ ਸਨ। ੩੧ ਅਕਤੂਬਰ ੧੯੨੪ ਈ: ਵਿਚ ਇਸ ਇਤਿਹਾਸਕ ਸਥਾਨ ਦਾ ਪ੍ਰਬੰਧ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ ਜਿਸ ਨੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਨੂੰ ਆਧੁਨਿਕ ਦਿਖ ਪ੍ਰਦਾਨ ਕੀਤੀ ਹੈ।

**ਬੁੰਗਾ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ** :- ਬਾਬਾ ਦੀਪ ਸਿੰਘ ਜੀ ਨੂੰ ਰੋਕਣ ਲਈ ਭਾਰੀ ਮੁਗ਼ਲ ਫੌਜ ਭੇਜੀ ਗਈ ਪਰੰਤੂ ਸਿੰਘਾਂ ਦੇ ਜੋਸ਼ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਪਰਕਰਮਾਂ ਵਿਚ ਪਹੁੰਚ ਕੇ ਆਪਣਾ ਸੀਸ ਗੁਰੂ ਦੇ ਚਰਨਾਂ ਵਿਚ ਭੇਟ ਕਰ ਪ੍ਰਾਣ ਤਿਆਗ ਦਿੱਤੇ। ਇਸ ਸਥਾਨ 'ਤੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਬਣਿਆ ਹੋਇਆ ਹੈ।

**ਥੜ੍ਹਾ ਸਾਹਿਬ ਸ਼ਹੀਦਾਂ, ਅੰਮ੍ਰਿਤਸਰ** :- ਬਾਬਾ ਦੀਪ ਸਿੰਘ ਜੀ ਦੀ ਤਰ੍ਹਾਂ ਹੀ ਜਥੇਦਾਰ ਰਾਮ ਸਿੰਘ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ, ਜਿਨ੍ਹਾਂ ਦਾ ਸ਼ਹੀਦ ਗੰਜ ਰਾਮਗੜ੍ਹੀਆਂ ਦੇ ਕੱਟੜੇ ਵਿਚ ਹੈ। ਬਾਬਾ ਸੱਜਣ ਸਿੰਘ, ਬਾਬਾ ਬਹਾਦਰ ਸਿੰਘ ਤੇ ਕਈ ਹੋਰ ਸਿੰਘ ਗੁਰੂ ਦੇ ਬਾਗ ਵਿਚ ਲੜਦੇ ਸ਼ਹੀਦ ਹੋ ਗਏ, ਉਨ੍ਹਾਂ ਦਾ ਸਥਾਨ ਬਾਗ਼ ਵਿਚ ਹੈ। ਬਾਗ਼ ਦੀ ਜਗ੍ਹਾ ਅੱਜਕਲ੍ਹ ਦੀਵਾਨ ਹਾਲ ਮੰਜੀ ਸਾਹਿਬ ਬਣ ਗਿਆ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੰਜੀ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜ੍ਹੇ ਉੱਪਰ ਹੇਠ ਲਿਖੇ ਸਿੰਘਾਂ ਦੇ ਨਾਮ ਲਿਖੇ ਹੋਏ ਹਨ :

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

**ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ** :- ਜਦੋਂ ਇਸ ਲੜਾਈ ਦਾ ਹਾਲ ਬਾਬਾ ਗੁਰਬਖਸ਼ ਸਿੰਘ ਅਤੇ ਬਾਬਾ ਦਰਗਾਹ ਸਿੰਘ ਨੇ ਸੁਣਿਆ ਤਾਂ ਉਹ ਉਸੇ ਵੇਲੇ ਆਨੰਦਪੁਰ ਸਾਹਿਬ ਤੋਂ ਦੋ ਹਜ਼ਾਰ ਸਵਾਰ ਲੈ ਕੇ ਚੜ੍ਹ ਆਏ ਤੇ



ਵੈਰੀਆਂ ਨਾਲ ਲੜਦੇ-ਭਿੜਦੇ ਅੰਮ੍ਰਿਤਸਰ ਪਹੁੰਚ ਗਏ। ਸਿੰਘਾਂ ਨੂੰ ਪਵਿੱਤਰ ਗੁਰ-ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਦੇਖ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਰਾਤ ਨੂੰ ਛਾਪੇ ਮਾਰ ਕੇ ਵੈਰੀਆਂ ਦੇ ਥਾਣੇ ਤਹਿਸੀਲਾਂ ਸਭ ਸਾੜ ਦਿੱਤੀਆਂ। ਸਿੰਘਾਂ ਦੇ ਮੁਕਾਬਲੇ ਲਈ ਹੋਰ ਮੁਗ਼ਲ ਫੌਜਾਂ ਬੁਲਾ ਲਈਆਂ ਗਈਆਂ ਅਤੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦੇ ਦਿੱਤਾ। ਸ਼ਾਹ ਨਾਜ਼ਮ ਦੀਨ, ਸਰ ਬੁਲੰਦ ਖਾਨ, ਜਾਬਰ ਖਾਨ, ਜਾਲਮ ਖਾਨ ਆਦਿ ਫੌਜਦਾਰ ੨੦ ਹਜ਼ਾਰ ਲੜਾਕੇ ਪਠਾਣਾਂ ਨੂੰ ਲੈ ਕੇ ਮੈਦਾਨ ਵਿਚ ਆ ਗਏ। ਉਧਰ ੯ ਮੱਘਰ ੧੮੧੮ ਬਿਕ੍ਰਮੀ ਨੂੰ ਜਥੇਦਾਰ ਗੁਰਬਖਸ਼ ਸਿੰਘ ਆਦਿ ਦੁਸ਼ਮਣ ਦੀ ਚੜ੍ਹਾਈ ਸੁਣ ਕੇ ਧਰਮ-ਯੁੱਧ ਲਈ ਅਰਦਾਸ ਕਰ ਕੇ ਸ਼ਹੀਦ ਹੋਣ ਲਈ ਤਿਆਰ ਹੋ ਬੈਠੇ। ਦਿਨ ਚੜ੍ਹਦੇ ਤਕ ਪਠਾਣਾਂ ਦੀ ਵੱਡੀ ਕਾਫੀ ਫੌਜ ਅੰਮ੍ਰਿਤਸਰ ਪਹੁੰਚ ਗਈ। ਸ੍ਰੀ ਅੰਮ੍ਰਿਤਸਰ ਸਰੋਵਰ ਦੇ ਪਿਛਲੇ ਪਾਸੇ ਬੜੀ ਭਿਆਨਕ ਲੜਾਈ ਹੋਈ, ਜਿਸ ਵਿਚ ਬਾਬਾ ਗੁਰਬਖਸ਼ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਸੰਤ ਸਿੰਘ ਆਦਿ ਵੱਡੇ ਜਥੇਦਾਰ ਸ਼ਹੀਦ ਹੋ ਗਏ। ਦੁਰਾਨੀਆਂ ਦੀ ਫੌਜ ਪਿੱਛੋਂ ਹੋਰ ਆਉਂਦੀ ਗਈ ਤਾਂ ਸਿੰਘ ਬਸਰਾ ਦੇ ਜੰਗਲਾਂ ਵਿਚ ਚਲੇ ਗਏ ਅਤੇ ਦੁਰਾਨੀ ਮੈਦਾਨ ਖ਼ਾਲੀ ਦੇਖ ਕੇ ਅੰਮ੍ਰਿਤਸਰ ਵਿਚ ਖੜਦੁੰਮ ਮਚਾ ਕੇ ਵਾਪਸ ਚਲੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਬਾ ਬਸੰਤ ਸਿੰਘ ਦੇ ਥੜ੍ਹੇ ਦੇ ਪਾਸ ਬਾਬਾ ਗੁਰਬਖਸ਼ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਾ ਨਿਹਾਲ ਸਿੰਘ ਚੁਰਸਤੀ ਅਟਾਰੀ ਦੇ ਪਾਸ ਸ਼ਹੀਦ ਹੋਏ ਸਨ, ਜਿਸ ਜਗ੍ਹਾ 'ਤੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਇਹ ਸਥਾਨ ਹੁਣ ਅੰਮ੍ਰਿਤਸਰ ਵਿਚ ਸ਼ਹੀਦ ਗੰਜ ਦੇ ਨਾਂ ਨਾਲ ਮਸ਼ਹੂਰ ਹੈ।




# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਸੰਤ-ਸਿਪਾਹੀ ਗੁਰੂ ਨਾਨਕ ਸਾਹਿਬ



ਗੁਰੂ ਨਾਨਕ ਸਾਹਿਬ ਜੀ ਦਾ ਸਚਿਆਰ-ਜੀਵਨ ਸੰਤ ਅਤੇ ਸਿਪਾਹੀ ਦੋਹਾਂ ਦੇ ਗੁਣਾਂ ਦਾ ਅਦਭੁਤ ਸੁਮੇਲ ਸੀ। ਆਪ ਜੀ ਨੇ 30 ਸਾਲ ਤੱਕ ਸਮੇਂ ਦੇ ਸਮਾਜ ਨੂੰ ਘੋਖਿਆ। ਬਚਪਨ ਤੋਂ ਲੈ ਕੇ 30 ਸਾਲ ਦੀ ਉਮਰ ਤੱਕ ਪੜ੍ਹਨੇ ਪੈ, ਪੱਟੀਆਂ ਲਿਖੀਆਂ, ਮੱਝੀਂ ਦੇ ਛੇੜੂ ਬਣੇ, ਵਪਾਰੀ ਬਣ ਕੇ ਸੱਚੇ ਸੌਦੇ ਕੀਤੇ, ਗ੍ਰਿਹਸਤੀ ਬਣੇ, ਦੋ ਪੁੱਤਰਾਂ ਦੇ ਪਿਓ ਬਣੇ, ਆਪਣੀ ਵੱਡੀ ਭੈਣ ਨਾਨਕੀ ਦੇ ਸਹੁਰੇ ਪਿੰਡ ਸੁਲਤਾਨਪੁਰ ਲੋਧੀ ਵਿਚ ਨਵਾਬ ਦੌਲਤ ਖਾਂ ਲੋਧੀ ਦੀ ਨੌਕਰੀ ਕਰਕੇ ਮੋਦੀਖਾਨਾ ਸੰਭਾਲਿਆ ਤੇ "ਤੇਰਾ, ਤੇਰਾ" ਦੀ ਮਸਤ ਧੁਨੀ ਲਾ ਕੇ ਗ਼ਰੀਬ-ਗ਼ੁਰਬਿਆਂ ਦੀਆਂ ਭੁੱਖਾਂ ਲਾਹੀਆਂ। ਇਥੇ ਹੀ ਨਵਾਬ, ਮੁੱਲਾ ਤੇ ਹੋਰ ਮੁਸਲਮਾਨਾਂ ਦੀ ਜਮਾਤ ਵਿਚ ਖਲੋ ਕੇ ਮਸੀਤੇ ਨਮਾਜ਼ ਪੜ੍ਹੀ ਤੇ ਨਵਾਬ ਤੇ ਮੁੱਲਾ ਦੇ ਨਿਮਾਜ਼ ਪੜ੍ਹਦਿਆਂ ਭਟਕਦੇ ਮਨਾਂ ਦੀ ਦਸ਼ਾ ਦੱਸ ਕੇ ਕਿਹਾ 'ਜੇ ਮਨ ਹੋਰ ਥਾਂ ਭਟਕਦਾ ਰਹੇ ਤਾਂ ਸਿਜਦੇ ਕਰਨ ਤੇ ਨਿਮਾਜ਼ਾਂ ਪੜ੍ਹਨ ਦਾ ਕੀ ਲਾਭ?'

ਇਸੇ ਤਰ੍ਹਾਂ ਹੀ ਗੁਰੂ ਜੀ ਜੋਗੀਆਂ ਨੂੰ ਕਈ ਤਰ੍ਹਾਂ ਕੁਰਾਹੇ ਜਾਣੋ ਤੇ ਕੁਮਤ ਤੋਂ ਹਟਕਦੇ ਹਨ ਹਾਲਾਂਕਿ ਉਨ੍ਹਾਂ ਦੇ ਸਮੇਂ ਪੰਜਾਬ ਤੇ ਉੱਤਰੀ ਭਾਰਤ ਵਿਚ ਜੋਗੀਆਂ ਦਾ ਬੜਾ ਜ਼ੋਰ ਸੀ, ਥਾਂ-ਥਾਂ ਉਨ੍ਹਾਂ ਦੇ ਟਿਕਾਣੇ ਜਾਂ ਡੇਰੇ ਸਨ ਤੇ ਲੱਖਾਂ ਲੋਕ ਉਹਨਾਂ ਦੇ ਸ਼ਰਧਾਲੂ ਸਨ। 'ਜਪੁ' ਜੀ ਸਾਹਿਬ ਵਿਚ ਵੀ ਉਨ੍ਹਾਂ ਜੋਗੀਆਂ ਤੇ ਸਿੱਧਾਂ-ਸਾਧਾਂ ਨੂੰ ਮੱਤ ਦੇਣ ਲਈ ਚਾਰ ਪਉੜੀਆਂ ਲਿਖੀਆਂ ਹਨ।

ਉਸ ਵੇਲੇ ਮੁਸਲਮਾਨਾਂ ਦਾ ਰਾਜ ਸੀ। ਮੁਸਲਮਾਨ ਹਾਕਮ ਮਜ਼ਬੀ ਤੁਅੱਸਬ ਤੇ ਰਾਜਸੀ ਤਾਕਤ ਨਾਲ ਅੰਨ੍ਹੇ ਹੋਏ ਹੋਏ ਸਨ। ਹਿੰਦੂ ਹਰ ਤਰ੍ਹਾਂ ਦੀ 'ਜ਼ਲਾਲਤ' ਤੇ ਨਿਰਾਦਰੀ ਸਹਾਰ ਕੇ ਡੰਗ-ਟਪਾਈ ਕਰ ਰਹੇ ਸਨ। ਕੋਈ ਵੀ ਹਿੰਦੂ ਆਪਣੀ ਜਾਨ, ਮਾਲ ਤੇ ਜੀਆਂ ਦੀ ਖ਼ੈਰ ਖਾਤਰ ਮੁਸਲਮਾਨ ਜਰਵਾਣਿਆਂ ਨੂੰ ਕੌੜੀ-ਮਿੱਠੀ ਜਾਂ ਵਿਰੋਧੀ ਗੱਲ ਕਹਿਣ ਨੂੰ ਤਿਆਰ ਨਹੀਂ ਸੀ। ਹਿੰਦੂਆਂ ਦੀਆਂ ਹੱਡੀਆਂ ਵਿਚ ਮੁਹੰਮਦ-ਬਿਨ-ਕਾਸਮ ਦੇ ਹਮਲੇ ਤੋਂ ਲੈ ਕੇ ਮਹਿਮੂਦ ਗਜ਼ਨਵੀ, ਮੁਹੰਮਦ ਗੌਰੀ, ਖਿਲਜੀਆਂ, ਤੁਗ਼ਲਕਾਂ ਤੇ ਗ਼ੁਲਾਮ ਖਾਨਦਾਨ ਦੇ ਮੁਸਲਮਾਨ ਰਾਜ ਤੋਂ ਬਾਬਰ ਦੇ ਹਮਲੇ ਤੱਕ, ਗ਼ੁਲਾਮੀ ਧਸ ਚੁੱਕੀ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਹਿੰਦੂਆਂ ਵਾਂਗੂੰ ਮੁਸਲਮਾਨ ਵੀ ਮਜ਼ਬੀ ਉੱਚੇ ਅਸੂਲਾਂ ਨੂੰ ਅਮਲੀ ਜੀਵਨ ਸ਼ਰ੍ਹਾ-ਸ਼ਰੀਅਤ ਤੇ ਮੂੰਹ ਜ਼ਬਾਨੀ ਬਹਿਸਾਂ-ਮੁਬਾਸਿਆਂ ਵਿਚ ਫਸਿਆ ਹੋਇਆ ਸੀ। ਪਰ ਲੁਕ-ਛੁਪ ਕੇ, ਸਲਾਮ ਦੁਆ ਕਰਕੇ ਗੁਜ਼ਾਰਾ ਕਰਨ ਵਾਲਾ ਹਿੰਦੂ ਗ਼ੁਲਾਮ, ਕਿਸੇ ਮੁੱਲਾਂ-ਮੌਲਾਣੇ, ਕਾਜ਼ੀ, ਅਮੀਰ, ਵਜ਼ੀਰ, ਹਾਕਮ ਦੀ ਤਾਂ ਗੱਲ ਹੀ ਛੱਡੋ, ਸਾਧਾਰਨ ਮੁਸਲਮਾਨ ਨੂੰ ਵੀ ਕਿਸੇ ਤਰ੍ਹਾਂ ਸੱਚੀ ਗੱਲ ਸੁਣਾ ਨਹੀਂ ਸਕਦਾ ਸੀ। ਸੱਚ ਕਹਿੰਦਾ ਵੀ ਕਿਵੇਂ? ਹਿੰਦੂ ਤਾਂ ਖ਼ੁਦ ਹਰ ਅਮਲੀ ਜੀਵਨ ਤੇ ਉੱਚੇ ਇਨਸਾਨੀ ਆਦਰਸ਼ਾਂ ਨੂੰ ਭੁੱਲ ਕੇ ਕਰਮ-ਕਾਂਡ, ਜੰਤਰਾਂ-ਮੰਤਰਾਂ ਤੇ ਹੋਰ ਅਨੇਕ ਵਹਿਮਾਂ-ਭਰਮਾਂ ਦੇ ਹੱਥ ਵਿਚ ਬੇਜਾਨ ਖਿਡੌਣਾ ਬਣ ਚੁੱਕਿਆ ਸੀ। ਗੁਰੂ ਨਾਨਕ ਦੇਵ ਜੀ ਵਰਗਾ ਸਿਪਾਹੀ ਭਲਾ ਸੱਚ ਬੋਲਣ ਤੋਂ ਕਿਵੇਂ ਰਹਿ ਸਕਦਾ ਸੀ?

ਗੁਰੂ ਸਾਹਿਬ ਹਿੰਦੂਆਂ ਦੀ ਕਰਮ-ਕਾਂਡ ਦੇ ਕਲਾਵੇ ਵਿਚ ਫਸੀ ਹੋਈ ਜ਼ਿੰਦਗੀ ਨੂੰ ਵੇਖ ਕੇ ਦੁਖੀ ਹੁੰਦੇ ਹਨ। ਉਸ ਸਮੇਂ ਦੇ ਹਿੰਦੂਆਂ ਦਾ ਜੀਵਨ ਨਿਰਾਪੁਰਾ ਪਾਖੰਡ ਸੀ। ਮੂੰਹੋਂ ਕੁਝ ਹੋਰ ਕਹਿੰਦੇ ਸਨ ਪਰ ਕਰਦੇ ਕੁਝ ਹੋਰ ਸਨ। ਮੁਸਲਮਾਨ ਜੇ ਹਿੰਦੂਆਂ ਨੂੰ ਕਾਫ਼ਰ ਸਮਝ ਕੇ

ਜ਼ਲੀਲ ਕਰਦੇ ਸਨ ਤਾਂ ਹਿੰਦੂ ਵੀ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਨਫ਼ਰਤ ਕਰਦੇ ਤੇ ਨੀਚ ਸਮਝਦੇ ਸਨ, ਪਰ ਉਨ੍ਹਾਂ ਦੇ ਇਹ ਖਿਆਲ ਆਪਣੇ ਮਨ ਜਾਂ ਘਰ ਦੀ ਅਗਲੀ ਗੁੱਠ ਵਿਚ ਹੀ ਲੁਕੇ ਰਹਿੰਦੇ ਸਨ। ਅੰਦਰੋਂ ਜਾਂ ਮਨੋਂ ਤਾਂ ਉਹ ਮਲੇਛਾਂ ਨੂੰ ਨਫ਼ਰਤ ਕਰਦੇ ਸਨ ਪਰ ਬੁਜ਼ਦਿਲ ਏਨੇ ਸਨ ਕਿ ਆਪਣੀ ਜਾਨ ਬਚਾਣ, ਸਰਕਾਰੀ ਨੌਕਰੀ ਹਾਸਲ ਕਰਨ ਤੇ ਆਪਣੇ ਢਿੱਡ ਵਿਚ ਚਾਰ ਸੁੱਕੇ, ਚੋਪੜੇ ਜਾਂ ਮਿੱਠੇ ਸਲੂਣੇ ਟੁਕੜੇ ਪਾਣ ਦੀ ਖ਼ਾਤਰ ਮੁਸਲਮਾਨਾਂ ਦਾ ਲਿਬਾਸ ਪਾਂਦੇ ਸਨ। ਮੁਸਲਮਾਨਾਂ ਤੋਂ ਧਾਨ ਲੈ ਕੇ ਖਾਂਦੇ ਸਨ, ਮੁਸਲਮਾਨਾਂ ਦੀ ਬੋਲੀ ਪੜ੍ਹਦੇ ਤੇ "ਅੱਲਾ-ਅੱਲਾ" ਕਰਦੇ ਸਨ। ਇਸ ਤਰ੍ਹਾਂ ਉਹ ਬੇਅਣਖਾ ਜੀਵਨ ਜੀਅ ਕੇ ਦੇਸ਼ ਦੀ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਹੋਰ ਪੱਕੀਆਂ ਕਰ ਰਹੇ ਸਨ। ਆਪਣੇ ਘਰ ਗਊ ਦੇ ਗੋਹੇ ਦਾ ਪੋਚਾ ਫੇਰ ਕੇ ਹੀ ਆਪਣੇ ਆਪ ਨੂੰ ਪਵਿੱਤਰ ਸਮਝਦੇ ਸਨ ਕਿ ਸ਼ਾਇਦ ਇਸ ਤਰ੍ਹਾਂ ਹੀ ਭਵਜਲ ਤੋਂ ਪਾਰ ਹੋ ਜਾਣ! ਪਰ ਹਿੰਦੂ ਤੇ ਖ਼ਾਸ ਕਰ ਬ੍ਰਾਹਮਣ ਗਾਂਈ ਉੱਤੇ ਲੱਗੇ ਟੈਕਸ (ਕਰ) ਜਾਂ ਜਜ਼ੀਏ ਦੇ ਵਿਰੁੱਧ ਆਵਾਜ਼ ਉਠਾ ਕੇ ਜਾਂ ਲੜਾਈ ਲੜ ਕੇ ਆਪਣੀਆਂ ਜਾਨਾਂ ਕੁਰਬਾਨ ਕਰਨ ਨੂੰ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸਨ। ਗੁਰੂ ਨਾਨਕ ਦੇਵ ਜੀ ਇਹਨਾਂ ਨੂੰ ਉਭਾਰਨਾ ਚਾਹੁੰਦੇ ਸਨ ਤਾਂ ਕਿ ਉਹਨਾਂ ਦੀ ਅਣਖ ਜਾਗੇ ਤੇ ਉਹ ਮੁਲਕ ਦੀ ਆਜ਼ਾਦੀ ਲਈ ਕੋਈ ਹੰਭਲਾ ਮਾਰਨ। ਉਨ੍ਹਾਂ ਵੇਖਿਆ ਕਿ ਹਿੰਦੂ ਲੋਕ ਤੇ ਖ਼ਾਸ ਕਰ ਬ੍ਰਾਹਮਣ ਜੋ ਉਹਨਾਂ ਦੇ ਆਗੂ ਹਨ ਤੇ ਜਿਨ੍ਹਾਂ ਨੇ ਉਹਨਾਂ ਵਿਚ ਧਰਮ, ਅਣਖ, ਗ਼ੈਰਤ, ਸਵੈਮਾਨ ਤੇ ਦੇਸ਼-ਪਿਆਰ ਦਾ ਜਜ਼ਬਾ ਜਗਾਣਾ ਹੈ ਉਹ ਤਾਂ ਖ਼ੁਦ ਹੀ ਪਾਖੰਡੀ ਹਨ।

ਉਨ੍ਹਾਂ ਵੇਖਿਆ ਕਿ ਬਾਬਰ ਦੇ ਰਾਜ ਸਮੇਂ ਵੀ ਲੱਖਾਂ ਹਿੰਦੂ ਡਰਦੇ ਮੁਸਲਮਾਨ ਹੋਣੇ ਸ਼ੁਰੂ ਹੋ ਗਏ ਸਨ ਤੇ ਉਹਨਾਂ ਦਾ ਧਾਰਮਕ ਰਹਿਣ-ਸਹਿਣ ਆਪਣੇ ਪਿਓ-ਦਾਦੇ ਦੇ ਧਰਮ, ਸਭਿਅਤਾ ਤੇ ਰਹੁ-ਰੀਤੀ ਨੂੰ ਤਿਲਾਂਜਲੀ ਦੇ ਰਿਹਾ ਸੀ। ਹਿੰਦੂਆਂ ਦੇ ਵੇਦਾਂ ਤੇ ਸ਼ਾਸਤਰਾਂ ਵਿਚ ਰੱਬ ਦੇ ਅਨੇਕਾਂ ਨਾਂ ਹਨ। ਸਿੱਖ ਧਰਮ ਵਿਚ ਰੱਬ ਲਈ ਵਿਸ਼ੇਸ਼ ਨਾਂ ਵਾਹਿਗੁਰੂ ਜਾਂ ਅਕਾਲ ਪੁਰਖ ਹਨ। ਮੁਸਲਮਾਨਾਂ ਦੇ ਕੁਰਾਨ ਮਜੀਦ ਵਿਚ ਰੱਬ ਦੇ ਨੜਿਨਵੇਂ ਨਾਂ ਨੇ ਪਰ ਅੱਲਾ ਉਹਨਾਂ ਦਾ ਸਭ ਤੋਂ ਜ਼ਿਆਦਾ ਪ੍ਰਚਲਤ ਨਾਂ ਹੈ। ਹਿੰਦੂ ਘਰਾਂ ਤੋਂ ਬਾਹਰ, ਵਪਾਰ, ਬਾਜ਼ਾਰ ਤੇ ਦਰਬਾਰ ਵਿਚ ਹਿੰਦੂ ਸ਼ਾਸ਼ਤਰਾਂ ਦੇ ਨਾਂ ਛੱਡ ਕੇ "ਅੱਲਾ-ਅੱਲਾ" ਹੀ ਕਰਦੇ ਸਨ। ਪੰਜਾਬ ਦੇ 'ਟਰਾਈਬਜ਼ ਐਂਡ ਕਾਸਟਸ' ਦਾ ਵਿਸ਼ਾਲ ਮੁਤਾਲਿਆ ਕਰਕੇ ਪਤਾ ਲੱਗਦਾ ਹੈ ਕਿ ਮੰਡੀ, ਕਾਂਗੜੇ ਤੇ ਜੰਮੂ ਆਦਿ ਦੇ ਪਹਾੜੀ ਰਾਜਪੂਤ ਭਾਰਤ ਵਿਚ ਸਭ ਤੋਂ ਪ੍ਰਾਚੀਨ ਰਾਜਪੂਤ ਘਰਾਣਿਆਂ ਦੇ ਜੰਮੇ ਹੋਏ ਹਨ ਤੇ ਅੱਜ ਵੀ ਇਹਨਾਂ ਦੀਆਂ ਪੀਹੜੀਆਂ ਜਾਂ ਬੰਸਾਵਲੀਆਂ ਇਹਨਾਂ ਦੇ ਸੰਬੰਧ ਹਜ਼ਾਰਾਂ ਸਾਲ ਪ੍ਰਾਚੀਨ ਖ਼ਾਨਦਾਨਾਂ ਨਾਲ ਮਿਲਾਂਦੀਆਂ ਹਨ ਪਰ ਇਹੋ ਜਿਹੇ ਮਗ਼ਰੂਰ ਤੇ ਰਾਜਪੂਤੀ ਸ਼ਾਨ ਦੇ ਅਭਿਮਾਨੀ ਮੁਸਲਮਾਨ ਬਾਦਸ਼ਾਹ ਦੀਆਂ ਈਨਾਂ ਮੰਨ ਕੇ ਆਪਣੇ ਆਪ ਨੂੰ 'ਮੀਆਂ' ਅਖਵਾ ਕੇ ਫ਼ਖ਼ਰ ਮਹਿਸੂਸ ਕਰਦੇ ਸਨ ਹਾਲਾਂਕਿ ਇਹ ਬਦੇਸ਼ੀ ਜਰਵਾਣਿਆਂ ਤੇ ਹੁਕਮਰਾਨਾਂ ਦਾ ਦਿੱਤਾ ਹੋਇਆ ਖ਼ਿਤਾਬ ਮੀਆਂ ਮੱਥੇ 'ਤੇ ਗ਼ੁਲਾਮੀ ਦਾ ਕਲੰਕ ਸੀ।

ਗੁਰੂ ਸਾਹਿਬ ਨੇ ਨਿਡਰ ਤੇ ਸੱਚੇ ਸੰਤ-ਸਿਪਾਹੀ ਦੀ ਹੈਸੀਅਤ ਵਿਚ ਸਮਾਜ ਦੇ ਹਰ ਪੱਖ ਦੀਆਂ ਕੁਰੀਤੀਆਂ, ਕੁਕਰਮਾਂ, ਭਰਮਾਂ, ਵਹਿਮਾਂ ਤੇ ਵਿਕਾਰਾਂ ਦੀ ਵਿਰੋਧਤਾ ਕੀਤੀ ਤੇ ਹਰ ਪ੍ਰਕਾਰ ਦੇ ਕਿੱਤੇ ਦੇ ਮਨੁੱਖਾਂ ਨੂੰ ਸਿੱਖਿਆ ਦਿੱਤੀ।

ਗੁਰੂ ਨਾਨਕ ਦੇਵ ਜੀ ਬਾਹਰੋਂ ਸੰਤ ਰੂਪ ਵਿਚ ਹੋਣ ਦੇ ਬਾਵਜੂਦ ਮਾਨਸਿਕ ਤੌਰ 'ਤੇ ਬੇਮਿਸਾਲ ਬਹਾਦਰ ਸਿਪਾਹੀ ਸਨ ਤੇ ਹਮੇਸ਼ਾ ਦੇਸ਼ ਪਿਆਰ, ਮਨੁੱਖੀ ਏਕਤਾ ਲਈ ਫੋਕੇ ਕਰਮਕਾਂਡਾਂ, ਜਾਤ-ਪਾਤ ਤੇ ਛੂਤ-ਛਾਤ ਦੇ ਵਿਰੁੱਧ ਸਾਰੀ ਉਮਰ ਲੜਦੇ ਰਹੇ।

ਆਪ ਜੀ ਨੂੰ ਹੋਰ ਕੈਦੀਆਂ ਵਾਂਗੂੰ ਜੇਲ੍ਹ ਵਿਚ ਕੈਦ ਕਰਕੇ ਬਾਬਰ ਨੇ ਉਨ੍ਹਾਂ ਤੋਂ ਚੱਕੀ ਪਿਹਾਈ। ਬਾਬਰ ਉਨ੍ਹਾਂ ਨੂੰ ਜਾਨੋਂ ਵੀ ਮਾਰ ਸਕਦਾ ਸੀ ਪਰ ਨਿਡਰ ਸੰਤ ਸਿਪਾਹੀ, ਨਾਨਕ ਨੇ ਬੇਰਹਿਮ ਜਰਵਾਣੇ ਦੇ ਮੂੰਹ 'ਤੇ ਉਸ ਨੂੰ ਖਰੀਆਂ-ਖਰੀਆਂ ਸੁਣਾਈਆਂ। ਵਲੀ ਕੰਧਾਰੀ ਨੇ ਤਾਂ ਉਨ੍ਹਾਂ ਨੂੰ ਮਾਰਨ ਲਈ ਵੱਡਾ ਸਾਰਾ ਪੱਥਰ ਹੀ ਸੁੱਟ ਦਿੱਤਾ ਸੀ। ਅੱਜ ਉਸ ਥਾਂ 'ਤੇ ਪੰਜਾ ਸਾਹਿਬ ਦਾ ਗੁਰਦੁਆਰਾ ਹੈ। ਉਹ ਆਪਣੇ ਉੱਚੇ ਆਚਾਰ ਦੇ ਹਥਿਆਰ ਦੇ ਬਲ-ਬੋਤੇ ਸੱਜਣ ਠੱਗ ਕੋਲ ਗਏ। ਚੋਰ ਭੂਮੀਏ ਨਾਲ ਵਾਸਤਾ ਪਾਇਆ। ਕੌਡੇ ਰਾਕਸ਼ ਨਾਲ ਜਾ ਟੱਕਰ ਲਈ। ਮੱਕੇ ਦੇ ਮੋਮਨਾਂ ਨੂੰ ਰੱਬ ਦਾ ਹਰਜਾਈ ਹੋਣਾ ਦੱਸਿਆ। ਸੇਠ ਦੁਨੀ ਚੰਦ ਤੇ ਮਲਕ ਭਾਗੋ ਜਿਹੇ ਮਗ਼ਰੂਰ ਬੰਦਿਆਂ ਨੂੰ ਸੁਧਾਰਿਆ ਤੇ ਹਰਦਵਾਰ ਦੇ ਪਾਂਡਿਆਂ, ਜਗਨਨਾਥ ਪੁਰੀ ਦੇ ਪੰਡਤਾਂ, ਨਾਨਕ ਮਤੇ ਤੇ ਅੱਚਲ ਵਟਾਲੇ ਦੇ ਜੋਗੀਆਂ ਜੰਗਮਾਂ, ਸਭ ਨੂੰ ਦੇਸ਼ਾਂ ਪਰਦੇਸ਼ਾਂ ਵਿਚ ਜਾ ਕੇ ਆਪਣੇ, 'ਸੱਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ' ਦੇ ਅਸੂਲ ਨੂੰ ਹਰ ਖ਼ਤਰਾ ਸਹੇੜ ਕੇ ਵੀ ਕਾਇਮ ਰੱਖਿਆ। ਸਿਪਾਹੀ ਦੇ ਤੌਰ 'ਤੇ ਆਪਣੇ ਅਸੂਲ ਉੱਤੇ ਦਲੇਰੀ ਨਾਲ ਡਟੇ ਤੇ ਸੰਤ ਦੇ ਤੌਰ 'ਤੇ ਚੋਰਾਂ, ਠੱਗਾਂ, ਰਾਕਸ਼ਾਂ, ਭੁੱਲੜ ਤੇ ਜ਼ਾਲਮ ਹਾਕਮਾਂ, ਗ੍ਰਿਹਸਤੀਆਂ, ਵਪਾਰੀਆਂ ਤੇ ਕਿਸਾਨਾਂ, ਅਮੀਰਾਂ, ਗ਼ਰੀਬਾਂ ਸਭ ਨੂੰ ਸੱਚ ਦਾ ਚਾਨਣ ਬਖ਼ਸ਼ ਕੇ ਕੂੜ-ਕਪਟ ਦੇ ਹਨ੍ਹੇਰੇ ਵਿਚੋਂ ਕੱਢਿਆ ਕਿਉਂਕਿ ਸਮੁੱਚੀ ਮਨੁੱਖ-ਜਾਤੀ ਸਿੱਖ ਧਰਮ ਤੇ ਹੋਰ ਸਾਰੇ ਮਜ਼ਬਾਂ ਦੇ ਸਭ ਤੋਂ ਵੱਡੇ ਆਦੇਸ਼ ਨੂੰ ਉਨ੍ਹਾਂ 'ਜਪੁ' ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਫ਼ੁਰਮਾਇਆ ਹੈ –

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**

**(ਪੰਨਾ ੧)**

ਆਉ ਅਸੀਂ ਅੱਜ ਪ੍ਰਣ ਕਰੀਏ ਕਿ ਬਿਨਾਂ ਕਿਸੇ ਵਿਤਕਰੇ ਦੇ ਹਰ ਮਨੁੱਖ ਦੀ ਵਿੱਤ ਅਨੁਸਾਰ ਸੇਵਾ ਕਰਨੀ ਹੈ, ਸੱਚ ਨਾਲ ਪ੍ਰੇਮ ਪਾਉਣਾ ਹੈ ਅਤੇ ਝੂਠ ਦੀ ਕੰਧ ਸੱਚ ਦੀ ਸਦੀਵੀ ਸ਼ਕਤੀ ਨਾਲ ਢਾਹੁਣੀ ਹੈ। ਅਸਾਂ ਮਲਕ ਭਾਗੋ ਜਿਹੇ ਵਿਹਲੜਾਂ ਦੀ ਬਜਾਏ ਭਾਈ ਲਾਲੋ ਜਿਹੇ ਕਿਰਤੀਆਂ ਨਾਲ ਦੋਸਤੀ ਪਾਣੀ ਹੈ। ਸਾਡੀ ਇਹੀ ਸੰਤ-ਸਿਪਾਹੀ ਗੁਰੂ ਨਾਨਕ ਸਾਹਿਬ ਜੀ ਨੂੰ ਸੱਚੀ ਸੁੱਚੀ ਸ਼ਰਧਾਂਜ਼ਲੀ ਹੋਵੇਗੀ।

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

(ਲੜੀ ਜੋੜਣ ਲਈ 'ਲੁਬਾਣਾ ਸੇਵਕ' ਦਾ ਅਕਤੂਬਰ ਅੰਕ ਦੇਖੋ ਜੀ)

# ''ਆਸਾ ਦੀ ਵਾਰ ਦਾ ਭਾਵ''



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

**ਆਸਾ ਦੀ ਵਾਰ ਭਾਵ ਬਾਰੇ ਚਰਚਾ ਦਾ ਮੁੱਖ ਮੰਤਵ ਨਵੀਂ ਪੀੜ੍ਹੀ ਅਤੇ ਰੁਚੀ ਰੱਖਣ ਵਾਲੇ ਜਗਿਆਸੂਆਂ ਦੀ ਜਾਣਕਾਰੀ ਹਿੱਤ ਹੈ। ਆਮ ਤੌਰ ਤੇ ਬਹੁਤ ਪ੍ਰੇਮੀ ਸਿਰਫ਼ ਪਾਠ ਸੁਣਦੇ ਹਨ; ਪ੍ਰੰਤੂ ਵਿਰਲੇ ਹੀ ਵਿਚਾਰ ਕਰਕੇ ਜ਼ਿਆਦਾ ਸਮਝਣ ਵੱਲ ਕਦਮ ਪੁੱਟਦੇ ਹਨ।**

**ਸਤਿਗੁਰ ਕੀ ਬਾਣੀ,**
**ਸਤਿ ਸਤਿ ਕਰ ਜਾਣਹੁ ਗੁਰਸਿਖਹੁ॥**
**ਹਰਿ ਕਰਤਾ ਆਪਿ ਮੁਹਹੁ ਕਢਾਏ॥**

**'ਆਸਾ ਦੀ ਵਾਰ'** ਮਹਾਨ ਅਤੇ ਪਵਿੱਤਰ ਬਾਣੀ ਹੈ ਜੋ ਸਵੇਰੇ ਜਪੁ ਜੀ ਸਾਹਿਬ ਦੇ ਪਾਠ ਉਪਰੰਤ ਅੰਮ੍ਰਿਤ ਵੇਲੇ ਪ੍ਰਸੰਗਿਕ ਰੂਪ ਵਿਚ ਗੁਰੂ ਮਹਾਰਾਜ ਦੀ ਹਿਦਾਇਤਾਂ ਮੁਤਾਬਿਕ ਗੁਰੂ ਘਰ ਦੇ ਕੀਰਤਨੀਆਂ ਦੁਆਰਾ **'ਟੁੰਡੇ ਅਸਰਾਜੇ ਦੀ ਧੁਨੀ'** ਤੇ ਸਾਜਾਂ ਨਾਲ ਗਾਈ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ **'ਆਸਾ ਦੀ ਵਾਰ'** ਉਮੀਦਾਂ ਅਤੇ ਆਸਾਂ ਦੀ ਪਉੜੀ ਹੈ। ਜੇ ਸੱਚੇ ਮਨ ਨਾਲ ਇਸ ਬਾਣੀ ਨੂੰ ਪੜ੍ਹਿਆ, ਸੁਣਿਆ ਤੇ ਅਮਲੀ ਰੂਪ ਵਿਚ ਵਿਚਾਰਿਆ ਜਾਵੇ ਤਾਂ ਸਰੀਰਕ ਅਤੇ ਮਾਨਸਿਕ ਰੋਗ ਦੂਰ ਹੁੰਦੇ ਹਨ ਅਤੇ ਸੰਸਾਰ ਵਿਚ ਵਿਚਰਦਿਆਂ ਅਧਿਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ। ਭਾਈ ਸਾਹਿਬ ਲਹਿਣਾ ਜੀ ਜੋ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਸਦਕਾ ਦੂਜੇ ਗੁਰੂ ਅੰਗਦ ਦੇਵ ਜੀ ਸਥਾਪਤ ਹੋਏ ਸਨ ਵੱਲੋਂ ਗੁਰੂ ਨਾਨਕ ਸਾਹਿਬ ਜੀ ਦੀ ਹਾਜ਼ਰੀ ਵਿਚ ਗਾਇਨ ਕਰਿਆ ਕਰਦੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ 24 ਪਉੜੀਆਂ ਰਚਨਾ ਕਰਕੇ **'ਆਸਾ ਦੀ ਵਾਰ'** ਦੀ ਰਚਨਾ ਕੀਤੀ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਮਹਲਾ 2 ਕਰਕੇ 14 ਸਲੋਕ ਉਚਾਰੇ ਗਏ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ 45 ਸਲੋਕ ਉਚਾਰੇ ਹੋਏ ਸਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ **'ਆਸਾ ਦੀ ਵਾਰ'** ਦੀਆਂ ਪਉੜੀਆਂ ਤੋਂ ਪਹਿਲਾਂ 2, 3, 4 ਜਾਂ 5 ਸਲੋਕ ਹਰੇਕ ਪਉੜੀਆ ਦੇ ਭਾਵ ਅਰਥ ਨਾਲ ਮਿਲਦੇ ਹੋਏ ਸੁਸ਼ੋਭਿਤ ਕੀਤੇ ਹਨ।

**ਆਸਾ ਮਹਲਾ ੪ ਛੰਤ ਘਰੁ ੪॥**
**ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥**
**ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥**
**ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥**
**ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥੧॥**

ਅਰਥਾਤ ਮੇਰੀਆਂ ਅੱਖਾਂ ਆਤਮਕ ਜੀਵਨ ਦੇਣ ਵਾਲੇ ਦੇ ਸਰੂਰ ਵਿਚ ਆ ਕੇ ਪ੍ਰੇਮ ਰੰਗ ਵਿਚ ਰੰਗੀਆਂ ਗਈਆਂ ਹਨ। ਮੇਰੇ ਮਨ ਨੂੰ ਸ਼ੁੱਧ ਸੋਨੇ ਵਾਂਗ ਬਣਾ ਦਿੱਤਾ ਹੈ। ਮੇਰਾ ਹਿਰਦਾ ਪ੍ਰੇਮ ਗੂੜ੍ਹਾ ਲਾਲ ਹੋ ਕੇ ਮਨ ਤਰੋ ਤਰ ਹੋ ਗਿਆ ਹੈ। ਗੁਰਬਾਣੀ ਰਸ ਨਾਲ ਭਾਗਾਂ ਵਾਲਾ ਬਣ ਗਿਆ ਹੈ।

ਇਸ ਤਰ੍ਹਾਂ **'ਆਸਾ ਦੀ ਵਾਰ'** ਦੀ ਬਾਣੀ ਨਾਲ ਚਾਲ ਚਲਨ, ਔਕੜਾਂ ਦਾ ਨਿਪਟਾਰਾ ਅਤੇ ਸਭ ਤੋਂ ਉੱਤਮ ਹਉਮੈ, ਛਲ-ਕਪਟ, ਸੁਆਰਥਪੁਣਾ ਨੂੰ ਦੂਰ ਕਰਦੀ ਹੈ। ਧਾਰਮਿਕ ਅਨੁਸ਼ਾਸ਼ਨਹੀਣਤਾ ਦੂਰ ਕਰਦੀ ਹੈ। **'ਆਸਾ ਦੀ ਵਾਰ'** ਦਰਿਆ ਦੇ ਪਾਣੀ ਵਾਂਗ ਮਨੁੱਖੀ ਜੀਵਨ ਨੂੰ ਸਹਿਜੇ ਹੀ ਰੱਬ ਆਪਣੇ ਅਥਾਹ ਨਾਮ ਸਮੁੰਦਰ ਤੱਕ ਲੈ ਜਾਂਦੀ ਹੈ। ਜਦੋਂ ਮਨ ਸਾਫ਼ ਅਤੇ ਖਾਲੀ ਹੋਵੇਗਾ ਤਾਂ ਪ੍ਰਮਾਤਮਾ ਇਸ ਨੂੰ ਭਰ ਦੇਵੇਗਾ ਅਤੇ ਆਤਮਕ ਚਾਨਣ ਹੋ ਜਾਵੇਗਾ। ਵਾਹਿਗੁਰੂ ਦੀ ਸ਼ੁਭ ਇਛਾਵਾਂ ਦੀ ਹਰ ਸਮੇਂ ਝੜੀ ਲੱਗ ਜਾਂਦੀ ਹੈ। ਸੋ **'ਆਸਾ ਦੀ ਵਾਰ'** ਰੱਬ ਤੱਕ ਪਹੁੰਚਣ ਦਾ ਦਰਵਾਜ਼ਾ ਹੈ।

ਗੁਰਬਾਣੀ ਵਾਹਿਗੁਰੂ ਦਾ ਗਿਆਨ ਹੈ। ਇਹ ਫੋਕੀ ਫਿਲਾਸਫ਼ੀ, ਮੰਤਰ ਜਾਂ ਦਲੀਲ ਦੀਆਂ ਘੁੰਮਣ ਘੇਰੀਆਂ ਵਿਚ ਪਾਉਣ ਵਾਲਾ ਗਿਆਨ ਨਹੀਂ ਹੈ ਤੇ ਨਾ ਹੀ ਵਿਗਿਆਨ ਦੇ ਫਾਰਮੂਲੇ ਹਨ, ਜੋ ਕਈ ਤਜ਼ਰਬਿਆਂ ਤੋਂ ਪਿਛੋਂ ਗਲਤ ਸਾਬਤ ਹੋਣ। ਇਹ ਤਾਂ ਉਹ ਤੱਤ ਗਿਆਨ ਹੈ ਜੋ ਸਤਿਗੁਰਾਂ ਨੇ ਆਪ ਅਕਾਲ ਪੁਰਖ ਨਾਲ ਇੱਕਮਿੱਕ ਹੋ ਕੇ ਪ੍ਰਾਪਤ ਕੀਤਾ ਹੈ। ਸਤਿਗੁਰਾਂ ਨੇ ਇਕ ਰੂਪ ਹੋ ਕੇ ਜੋ ਅਨੁਭਵ ਕੀਤਾ, ਉਸ ਨੂੰ ਗੁਰਬਾਣੀ ਕਹਿੰਦੇ ਹਨ।

ਗੁਰਬਾਣੀ ਵਿਚ ਸੱਚ ਇਹ ਹੈ ਕਿ ਭਾਵੇਂ ਇਸਤਰੀ ਬਰਾਬਰੀ ਦੀ ਗੱਲ ਹੈ ਜਾਂ ਵਾਤਾਵਰਨ ਦੀ ਸੰਭਾਲ ਦੀ, ਕੁਦਰਤੀ ਸਰੋਤਾਂ ਦੀ ਜਿਵੇਂ ਪਾਣੀ, ਧਰਤੀ, ਇਤਿਆਦਿ, ਨਸ਼ਿਆਂ ਤੋਂ ਬਚਣ ਦੀ ਜਾਂ ਵਿਗਿਆਨਕ ਖੋਜਾਂ ਦੀ, ਜੀਵਨ ਜਾਚ, ਕੀਰਤਨ ਰਾਹੀਂ ਮਨ ਟਿਕਾਉਣ ਦੀ, ਹਰ ਗੱਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਸੰਪੂਰਨ ਹੈ ਤੇ ਅਗਵਾਈ ਬਖਸ਼ਿਸ਼ ਕਰਦੀ ਹੈ। ਗੁਰਬਾਣੀ ਚਾਨਣ 'ਚ ਹਉਮੈ ਜੇ ਹਉਮੈ ਨੂੰ ਬੁੱਝ ਲਵੇ ਉਸ ਨੂੰ ਮਾਲਕ ਦੇ ਦਰ ਤੋਂ ਸੋਝੀ ਹੋ ਸਕਦੀ ਹੈ। **'ਹਉਮੈ ਦੀਰਘ ਰੋਗ ਹੈ'** ਜਿਸ ਨਾਲ ਸਿੱਖ ਫਲਸਫ਼ੇ ਮੁਤਾਬਿਕ ਰੱਬ ਅਤੇ ਇਨਸਾਨ ਵਿਚਕਾਰ ਰੁਕਾਵਟ ਬਣਦੀ ਹੈ। **'ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ॥**' ਹਉਮੈ ਦੇ ਅੱਖਰ **'ਹਉਂ'** ਅਤੇ **'ਮੈਂ'** ਦੇ ਜੋੜ ਨਾਲ ਹੈ। ਹਉਂ ਦਾ

ਅਰਥ ਵੀ **'ਮੈਂ'** ਹੈ ਸੋ ਹਉਮੈ ਦਾ ਅਰਥ **'ਮੈਂ ਮੈਂ'** ਜਾਂ ਕਹਿ ਲਵੋ **'ਹਉ'**, **'ਹਉਂ'** ਦ੍ਰਿੜ ਹੈ ਕਾਰਨ ਦੁਨਿਆਵੀ ਮਾਇਆ ਵਿਚ ਫਸਦੀ ਹੈ। ਫਿਰ ਹਉਮੈ ਵਾਲੇ ਨੂੰ ਖੁਦ ਤੋਂ ਸਿਵਾਏ ਹੋਰ ਕੁਝ ਅਹਿਮ, ਵੱਡਾ ਚੰਗਾ ਨਜ਼ਰ ਨਹੀਂ ਆਉਂਦਾ।

**"ਹਉ ਵਿਚਿ ਆਇਆ ਹਉ ਵਿਚ ਗਇਆ॥**
**ਹਉ ਵਿਚ ਜੰਮਿਆ ਹਉ ਵਿਚ ਮੁਆ॥**
**ਹਉ ਵਿਚਿ ਦਿਤਾ ਹਉ ਵਿਚ ਲਇਆ॥**
**ਹਉ ਵਿਚਿ ਖਟਿਆ ਹਉ ਵਿਚ ਗਇਆ॥**
**ਹਉ ਵਿਚਿ ਸਚਿਆਰ ਕੁੜਿਆਰ॥**
**ਹਉ ਵਿਚਿ ਪਾਪ ਪੁੰਨ ਵੀਚਾਰ॥**
**ਹਉ ਵਿਚਿ ਨਰਕਿ ਸੁਰਗਿ ਅਵਤਾਰੁ॥**
**ਹਉ ਵਿਚਿ ਹਸੈ ਹਉ ਵਿਚਿ ਰੋਵੈ॥**
**ਹਉ ਵਿਚਿ ਭਰੀਐ ਹਉ ਵਿਚਿ ਧੋਵੈ॥**
**ਹਉ ਵਿਚਿ ਜਤੀ ਜਿਨਸੀ ਖੋਵੈ॥**
**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥**
**ਮੋਖ ਮੁਕਤਿ ਕੀ ਸਾਰ ਨ ਜਾਣਾ॥**
**ਹਉ ਵਿਚਿ ਮਾਇਆ ਹਉ ਵਿਚਿ ਛਾਇਆ॥**
**ਹਉਮੈ ਕਰਿ ਕਰਿ ਜੰਤ ਉਪਾਇਆ॥**
**ਹਉਮੈ ਬੁਝੈ ਤਾ ਦਰੁ ਸੁਝੈ॥**
**ਗਿਆਨ ਵਿਹੂਣਾ ਕਥਿ ਕਥਿ ਲੁਝੈ॥**
**ਨਾਨਕ ਹੁਕਮੀ ਲਿਖੀਐ ਲੇਖੁ॥**
**ਜੇਹਾ ਵੇਖਹਿ ਤੇਹਾ ਵੇਖੁ॥੧॥**

ਸੋ ਦੁਨੀਆ ਦੇ ਜਿਤਨੇ ਭੀ ਸਰੀਰਕ ਅਤੇ ਮਾਨਸਿਕ ਰੋਗ ਹਨ। ਹਉਮੈ ਸਭ ਨਾਲੋਂ ਵਡਾ ਲੰਮਾ ਰੋਗ ਹੈ। **ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ॥**

ਸੋ ਸੇਵਾ, ਸੰਤੋਖ ਅਤੇ ਧਰਮ ਅਨੁਸਾਰ ਜੀਵਨ ਨਾਲ ਹੀ ਪ੍ਰਮਾਤਮਾ ਤੋਂ ਦਾਤਾ ਪ੍ਰਾਪਤ ਹੁੰਦੀਆਂ ਹਨ। ਸੰਸਾਰ ਵਿਚ ਜੋ ਉਤਪਤੀ ਹੈ ਉਹ ਪ੍ਰਮਾਤਮਾ ਦੀ ਰਚਨਾ ਹੈ ਅਤੇ ਅਥਾਹ ਹੈ। ਪ੍ਰਮਾਤਮਾ ਸਭ ਜੀਆਂ ਨੂੰ ਪੈਦਾ ਕਰਕੇ ਲੋੜਾਂ ਪੂਰੀਆਂ ਕਰਕੇ ਪਾਲਦਾ ਹੈ। ਜੀਵ ਦੀਆਂ ਸਾਰੀਆਂ ਸਿਆਣਪਾਂ ਤੋਂ ਪ੍ਰਮਾਤਮਾ ਦੀ ਬਖਸ਼ਿਸ਼ ਉੱਤਮ ਹੈ ਅਤੇ ਉਹਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਪ੍ਰਭੂ ਦੀ ਦਰਗਹ ਵਿਚ ਸਿਫਤ ਸਲਾਹ ਕਬੂਲ ਪੈਂਦੀ ਹੈ। ਦੁਨਿਆਵੀ ਵਿਦਿਆ, ਖਾਧਾ, ਪੀਤਾ, ਘੁੰਮਣਾ, ਫਿਰਨਾ ਸਭ ਇਥੇ ਹੀ ਰਹਿ ਜਾਂਦੇ ਹਨ ਸਿਰਫ਼ ਅਤੇ ਸਿਰਫ਼ ਵਾਹਿਗੁਰੂ ਦੀ ਨਦਰਿ ਹੀ ਸੰਪੂਰਨ ਹੈ। ਪ੍ਰਾਣੀ ਭਗਤ ਹੋਰ ਵਾਹਿਗੁਰੂ ਦਾ ਜਸ ਗਾਣ, ਕਿਉਂਕਿ ਬਾਕੀ ਸੰਸਾਰ ਵਿਚ ਸਭ ਕੂੜ ਹੈ ਜੋ ਜਗਤ ਦੇ ਚਸਕੇ ਹੀ ਰਹਿ ਜਾਂਦੇ ਹਨ। ਸੱਚ ਨੂੰ ਛੱਡ ਕੇ ਹੋਰ ਚਲਾਕੀਆਂ ਨਾਲ ਕਾਰ ਵਿਹਾਰ, ਠੱਗੀ ਇਤਿਆਦਿ ਘਾਟੇ ਦੇ ਹਨ। ਰੋਜੀ ਰੋਟੀ ਲਈ ਕੂੜ ਪ੍ਰਚਾਰ, ਕੁਫਰ ਦਾ ਸਹਾਰਾ ਲੈਣ ਨਾਲ ਚੰਗਾ ਨਹੀਂ ਬਣਦਾ। ਦੁਨਿਆਵੀ ਵਿਦਿਆ, ਗਿਆਨ ਨਾਲ ਹਉਮੈ ਨਹੀਂ ਹੋਣਾ ਚਾਹੀਦਾ। ਇਸ ਨਾਲੋਂ ਤਾਂ ਅਨਪੜ੍ਹ ਜੀਵ ਜੇ ਪ੍ਰਭ ਨਾਮ ਵਿਚ ਲੀਨ ਹੈ ਤਾਂ ਕਬੂਲ ਹੁੰਦਾ ਹੈ।

ਜੁਗ ਵਿਚ ਜਿਵੇਂ ਸਤਜੁਗ, ਤ੍ਰੇਤਾ ਜੁਗ, ਦੁਆਪਰ ਜੁਗ ਅਤੇ ਕਲ ਜੁਗ ਹਨ ਮਤਲਬ ਸਤਜੁਗ ਜੀਵ ਵਾਸਤੇ ਧਰਮੀ ਜੀਵਨ ਬਤੀਤ ਕਰਕੇ ਸੰਤੋਖੀ ਹੋ ਜਾਂਦਾ ਹੈ। ਤ੍ਰੇਤਾ ਜੁਗ ਵਿਚ ਜੀਵ ਸੁਰਮਗਤੀ ਮਤਲਬ ਜ਼ੋਰ ਵਾਲਾ ਹੋ ਕੇ ਜਤੀ ਰਹਿਣ ਨਾਲ ਵਧੀਕ ਪ੍ਰਬਲ ਹੁੰਦਾ ਹੈ। ਦੁਆਪਰ ਜੁਗ ਵਿਚ **'ਸਤ'** ਵਿਚ ਰਹਿ ਕੇ ਤਪ ਕਰਨ ਨਾਲ ਨਿਸ਼ਾਨਾ ਉੱਚੇ ਆਚਰਣ ਵਾਲਾ ਹੁੰਦਾ ਹੈ। ਕਲਜੁਗ ਵਿਚ ਕੂੜ ਕਰਦੇ ਹੋਏ ਤ੍ਰਿਸ਼ਨਾ ਦੀ ਅੱਗ ਹੋਣ ਕਾਰਨ ਕਲਜੁਗ ਹੁੰਦਾ ਹੈ। ਅਰਥਾਤ ਆਪਣੇ ਮਨ ਅਤੇ ਆਚਰਣ ਦੀ ਵਿਵਸਥਾ ਹੀ ਇਹ ਜੱਗ ਦੀ ਵੰਡ ਹੈ। ਇਸੇ ਤਰ੍ਹਾਂ ਵੇਦਾ ਦਾ ਸਬੰਧ ਕਿਸੇ ਖਾਸ ਜੁਗ ਨਾਲ ਨਹੀਂ ਹੈ, ਉਵੇਂ ਹੀ ਜੀਵਾਂ ਦੇ ਸੁਭਾਉ ਅਤੇ ਆਚਰਣ ਆਦਿਕ ਦੀ ਤਬਦੀਲੀ ਨਾਲ ਮਾਨੋ ਜੁਗ ਬਦਲਦਾ ਹੈ।

ਆਸਾ ਦੀ ਵਾਰ ਜੀਵਨ ਜਾਚ ਉਦਾਹਰਣਾਂ ਨਾਲ ਦਰਸਾਉਂਦੇ ਹਨ ਸਿੰਮਲ ਦਾ ਰੁੱਖ ਵੱਡਾ ਹੁੰਦਾ ਹੈ ਪ੍ਰੰਤੂ ਉਸ ਦੇ ਫਲ, ਫੁਲ ਸਭ ਫਿੱਕੇ ਹੁੰਦੇ ਹਨ ਕਿਸੇ ਦੇ ਕੰਮ ਨਹੀਂ ਆਉਂਦੇ ਭਾਵੇਂ ਕਿ ਉਹ ਵੱਡਾ, ਉੱਚਾ, ਲੰਮਾ ਹੈ। ਇਸ ਦੇ ਉਲਟ ਜੇ ਦਰੱਖਤ ਨੀਵਾਂ ਹੋਵੇ ਤੇ ਅੰਦਰੋਂ ਖੋਟਾ ਨਾ ਹੋਵੇ ਤਾਂ ਮਿੱਠੇ ਫਲ ਲੱਗਦੇ ਹਨ।

ਸ਼ਰਧਾ ਧਾਰ ਕੇ ਸਿਮਰਨ ਨਾਲ ਗੁਰੂ ਨਾਲ ਜੋੜਣ ਲਈ ਗੁਣਕਾਰੀ ਹੁੰਦਾ ਹੈ। ਦਇਆ, ਸੰਤੋਖ ਰੱਖ ਕੇ, ਚੰਗੇ ਕਰਮ ਕਰਕੇ ਆਤਮਾ ਨੂੰ ਬਲ ਦੇਣ ਵਾਲਾ ਧਾਗਾ ਨਹੀਂ ਟੁੱਟਦਾ। ਸਾਹਿਬ ਦੀ ਕਿਰਪਾ ਬਣੀ ਰਹੇ, ਸੇਵਕ ਸੇਵਾ ਕਰੇ, ਹੁਕਮ ਮੰਨੇ ਤਾਂ ਹੀ ਵਾਹਿਗੁਰੂ ਖਸਮ ਦੀ ਦਰਗਹ ਵਿਚ ਪ੍ਰਵਾਣ ਹੁੰਦਾ ਹੈ।

**ਸਮੁੱਚਾ ਭਾਵ 3 ਪਉੜੀ** 7, 8, 9, 10 - ਨਾਮ ਦੀ ਕਮਾਈ ਕੀ ਹੈ – ਸੰਤੋਖ ਦਾ ਜੀਵਨ, ਆਪਣੇ ਅੰਦਰ ਹਰ ਵੇਲੇ ਪ੍ਰਭ ਨੂੰ ਦ੍ਰਿੜ ਕਰਨਾ, ਗੁਰਮੁਖਾਂ ਦੀ ਸੰਗਤ, ਨਿਰੀ ਆਪਣੀ ਨਿੱਕੀ ਜਿਹੀ ਮੱਤ ਤੇ ਟੇਕ ਨਾ ਰੱਖਣੀ।

4. **ਪਉੜੀ** 11, 12, 13, 14, 15 - ਪ੍ਰਮਾਤਮਾ ਦੀ ਬਖਸ਼ਸ਼ ਤੇ ਆਸ ਰੱਖ ਕੇ ਉੱਦਮ ਕਰਨਾ, ਕਿਸੇ ਵਿਦਿਆ ਤੇ ਮਾਣ ਤੇ ਮੂੰਹ ਜ਼ੋਰ ਨਾ ਹੋ ਜਾਣਾ, ਸਗੋਂ **'ਆਪਾ'** ਗੁਰੂ ਤੋਂ ਵਾਰ ਦੇਣਾ, ਨੇਕ ਕਮਾਈ, ਨੇਕ ਅਮਲ ਅਤੇ ਪ੍ਰਮਾਤਮਾ ਦੀ ਰਜਾ ਵਿਚ ਰਾਜੀ ਰਹਿਣਾ।

**ਪਉੜੀ - ਵਾਰ ਭਾਵ**

7. **'ਨਾਮ'** ਉਹੀ ਮਨੁੱਖ ਸਿਮਰ ਸਕਦਾ ਹੈ ਜੋ ਸੰਤੋਖੀ ਹੈ ਤੇ ਮੰਦੇ ਪਾਸੇ ਪੈਰ ਨਹੀਂ ਧਰਦਾ, ਜੋ ਦੁਨੀਆਂ ਦੇ ਬੰਧਨਾਂ ਵਿਚ ਨਹੀਂ ਫਸਦਾ ਤੇ ਚਸਕਿਆ ਤੋਂ ਬਚਿਆ ਰਹਿੰਦਾ ਹੈ। (2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ॥**

**ਸੇਵ ਕੀਤੀ ਸੰਤੋਖੀਂਈ ਜਿਨ੍ਹੀ ਸਚੋ ਸਚੁ ਧਿਆਇਆ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥**
**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥**
**ਵਡਿਆਈ ਵਡਾ ਪਾਇਆ॥੭॥**

8. ਜਿਸ ਮਨੁੱਖ ਉੱਤੇ ਪ੍ਰਭੂ ਦੀ ਮਿਹਰ ਹੁੰਦੀ ਹੈ ਉਸ ਦੇ ਹਿਰਦੇ ਵਿਚ

'ਨਾਮ' ਵੱਸਦਾ ਹੈ। ਪਰ ਆਪਣੇ ਹੀ ਮਨ ਦੇ ਪਿੱਛੇ ਤੁਰਨ ਵਾਲੇ ਮੂਰਖ ਬੰਦੇ ਜੀਵਨ ਅਜਾਈਂ ਗਵਾਉਂਦੇ ਹਨ।(2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥**
**ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥**
**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ ਕੈ ਹਿਰਦੈ ਸਚੁ ਵਸਾਇਆ ॥**
**ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥**
**ਵਿਚਿ ਦੁਨੀਆ ਕਾਹੇ ਆਇਆ ॥੮॥**

9. ਜੇ ਮਨੁੱਖ ਗਰੀਬ ਸੁਭਾਉ ਰਹਿ ਕੇ, ਪ੍ਰਭੂ ਦੇ ਦਰ ਤੇ ਸਿਫ਼ਤਿ ਸਾਲਾਹੁ ਕਰਦੇ ਹਨ, ਉਹ ਹਨ ਪ੍ਰਭੂ ਦੇ ਭਗਤ ਤੇ ਭਗਤ ਉਸਨੂੰ ਪਿਆਰੇ ਲੱਗਦੇ ਹਨ।(2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥**
**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥**
**ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥**
**ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥**
**ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥੯॥**

10. ਤਾਂ ਤੇ, ਜੇ ਗੁਰਮੁਖਾਂ ਦੇ ਚਰਨਾਂ ਦੀ ਧੂੜ ਮਿਲੇ ਉਹ ਆਪਣੇ ਮੱਥੇ ਉੱਤੇ ਲਾਈਏ, ਭਾਵ, ਗੁਰਮੁਖਾਂ ਦੇ ਦਰ ਤੇ ਨਿਮ੍ਰਤਾ - ਭਾਵ ਨਾਲ ਆਵੀਏ। ਇਸ ਤਰ੍ਹਾਂ ਮਾਇਆ ਦੇ ਮੋਹ ਦਾ ਤਿਆਗ ਕੀਤਾ ਜਾ ਸਕਦਾ ਹੈ।(2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥**
**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥**
**ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥**
**ਜੇ ਹੋਵੈ ਪੂਰਬਿ ਲਿਖਿ ਤਾ ਧੂੜਿ ਤਿਨ੍ਹਾ ਦੀ ਪਾਈਐ ॥**
**ਮਤਿ ਥੋੜੀ ਸੇਵ ਗਵਾਈਐ ॥੧੦॥**

11. ਫਿਰ ਭੀ, ਨਿਰਾ ਕਿਸੇ ਆਪਣੇ ਉੱਦਮ ਦੀ ਟੇਕ ਰੱਖਣਾ ਭੁੱਲ ਹੈ। ਧੁਰੋਂ ਜਿਨ੍ਹਾਂ ਉੱਤੇ ਮਿਹਰ ਹੈ ਉਹੀ 'ਨਾਮ' ਸਿਮਰਦੇ ਹਨ। ਹਰ ਵੇਲੇ ਬਖਸ਼ਸ਼ ਦੀ ਆਸ ਰੱਖੋ।(3 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ॥**
**ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥**
**ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥**
**ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥**
**ਸਹਜੇ ਹੀ ਸਚਿ ਸਮਾਇਆ ॥੧੧॥**

12. ਪ੍ਰਭੂ ਦੀ ਹਜ਼ੂਰੀ ਵਿਚ ਪੜ੍ਹੇ-ਅਨਪੜ੍ਹੇ ਦੀ ਵਿਚਾਰ ਨਹੀਂ। ਹਰੇਕ ਦੀ ਆਪੋ ਆਪਣੀ ਕਮਾਈ ਉੱਤੇ ਨਿਬੇੜਾ ਹੁੰਦਾ ਹੈ। ਜੋ ਮਨੁੱਖ ਮੂੰਹ ਜ਼ੋਰ ਹੈ, ਉਹ ਅੰਤ ਦੁਖੀ ਹੁੰਦਾ ਹੈ।(4 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥**
**ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥**
**ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥**
**ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥**
**ਮੁਹਿ ਚਲੈ ਸੁ ਅਗੈ ਮਾਰੀਐ ॥੧੨॥**

13. ਇਸ ਜਗਤ ਨੂੰ ਸਮੁੰਦਰ ਸਮਾਨ ਜਾਣੋ ਜਿਸ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠ ਰਹੀਆਂ ਹਨ, ਇਸ ਵਿਚੋਂ ਪਾਰ ਲੰਘਣ ਲਈ ਗੁਰੂ, ਮਾਨੋ ਜਹਾਜ਼ ਹੈ। ਪਰ, ਇਹ ਸਮਝ ਕਿਸੇ ਵਿਰਲੇ ਨੂੰ ਆਉਂਦੀ ਹੈ ਜਿਸ ਉੱਤੇ ਮਾਲਕ ਦੀ ਮਿਹਰ ਹੋਵੇ।(2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥**
**ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ**
**ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥**
**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**
**ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥**
**ਕਰਿ ਕਿਰਪਾ ਪਾਰਿ ਉਤਾਰਿਆ ॥੧੩॥**

14. ਰੂਪ (ਭਾਵ ਵਿਖਾਵਾ) ਨਾਲ ਨਹੀਂ ਨਿਭਦਾ, ਚੰਗੀ ਮੰਦੀ ਕਮਾਈ ਹੀ ਨਾਲ ਜਾਂਦੀ ਹੈ। ਜਿਨ੍ਹਾਂ ਇਥੇ ਹੁਕਮ ਕੀਤੇ, ਉਹਨਾਂ ਦੀਆਂ ਵਧੀਕੀਆਂ ਉਹਨਾਂ ਦੇ ਸਾਹਮਣੇ ਜਮ-ਰੂਪ ਦਿੱਸਦੀਆਂ ਹਨ।(2 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥**
**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥**
**ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥**
**ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥**
**ਕਰਿ ਅਉਗਣ ਪਛੋਤਾਵਣਾ ॥੧੪॥**

15. ਜਿਸ ਜੀਵ ਉੱਤੇ ਪ੍ਰਭੂ ਮਿਹਰ ਕਰਦਾ ਹੈ ਉਸ ਨੂੰ ਆਪਣੇ 'ਹੁਕਮ' ਵਿਚ ਤੋਰਦਾ ਹੈ, ਜਿਸ ਕਰਕੇ ਉਹ ਜੀਵ ਉਸ ਦੀ ਹਜ਼ੂਰੀ ਵਿਚ ਕਬੂਲ ਹੁੰਦਾ ਹੈ।(4 ਸਲੋਕ ਇਸ ਪਉੜੀ ਤੋਂ ਪਹਿਲਾਂ ਲਿਖੇ ਗਏ ਹਨ)।

**ਪਉੜੀ ॥**

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**
**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**
**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**
**ਤਾ ਦਰਗਹ ਪੈਧਾ ਜਾਇਸੀ ॥੧੫॥**

*** 'ਆਸਾ ਦੀ ਵਾਰ' ਵਿਚੋਂ ਪ੍ਰਚਾਰਕਾਂ ਰਾਹੀਂ**

**(ਚਲਦਾ)**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਬਰਾਦਰੀ ਵਿਚੋਂ ਵਹਿਮਾਂ ਨੂੰ ਦੂਰ ਕਰਨ ਲਈ ਭਾਰੀ ਦਲੇਰੀ

1. ਇਕ ਪਿੰਡ ਟਾਂਡਾ ਚੂਹੜੀਆਂ ਜੋ ਮੁਕੇਰੀਆਂ ਤਹਿਸੀਲ ਵਿਚ ਹੈ, ਉਥੋਂ ਦੀ ਸੰਗਤ ਨੇ ਆਪ ਜੀ ਦੀ ਸੇਵਾ ਵਿਚ ਮੁਰਾਲੇ ਪੁੱਜ ਕੇ ਨਗਰ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਨਿਯਤ ਦਿਨ ਤੇ ਆਪ ਜੀ ਇਥੇ ਪੁੱਜੇ। ਸੰਗਤ ਨੇ ਬੜਾ ਸੁਆਗਤ ਕੀਤਾ। ਆਪ ਜੀ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ। ਬਹੁਤ ਸਾਰੀ ਸੰਗਤ ਨੇ ਅੰਮ੍ਰਿਤ ਛਕਿਆ। ਇਥੇ ਕੁਝ ਟਾਹਲੀਆਂ ਸਨ, ਜਿਨ੍ਹਾਂ ਤੋਂ ਕੋਈ ਡਰਦਾ ਇਕ ਟਾਹਣੀ ਭੀ ਨਹੀਂ ਸੀ ਵੱਢਦਾ। ਕਹਿੰਦੇ ਸਨ ਕਿ ਇਨ੍ਹਾਂ ਟਾਹਲੀਆਂ ਵਿਚੋਂ ਕੋਈ ਟਾਹਣੀ ਵੱਢੀ ਜਾਵੇ ਤਾਂ ਟਾਹਣੀ ਵਿਚੋਂ ਖ਼ੂਨ ਵਗਣ ਲੱਗ ਪੈਂਦਾ ਹੈ। ਇਸ ਵਹਿਮ ਨੂੰ ਦੂਰ ਕਰਨ ਲਈ ਮਹਾਂਪੁਰਖਾਂ ਨੇ ਕਿਹਾ-ਅਸੀਂ ਟਾਹਲੀਆਂ ਵੱਢਣ ਲਈ ਪਹਿਲੇ ਕੁਹਾੜਾ ਮਾਰਾਂਗੇ, ਪਰ ਇਨ੍ਹਾਂ ਟਾਹਲੀਆਂ ਦੀ ਲੱਕੜ ਕਿਸੇ ਗੁਰਦੁਆਰੇ ਦੀ ਸੇਵਾ ਲਈ ਲਾਈ ਜਾਵੇਗੀ। ਸੰਗਤ ਨੇ ਕਿਹਾ-ਜਿਸ ਤਰ੍ਹਾਂ ਆਪ ਜੀ ਚਾਹੋ ਕਰੋ, ਪਰ ਟਾਹਲੀਆਂ ਨੂੰ ਪਹਿਲੇ ਆਪ ਜੀ ਕੁਹਾੜਾ ਮਾਰੋ। ਆਪ ਜੀ ਨੇ ਅਰਦਾਸ ਕੀਤੀ, ਸਤਿਗੁਰਾਂ ਦਾ ਆਸਰਾ ਲੈ ਕੇ ਪਹਿਲੇ ਆਪ ਕੁਹਾੜਾ ਮਾਰਿਆ। ਪਿਛੋਂ ਹੋਰ ਸਿੰਘਾਂ ਨੇ ਟਾਹਲੀਆਂ ਵੱਢਣੀਆਂ ਸ਼ੁਰੂ ਕੀਤੀਆਂ। ਸਭ ਟਾਹਲੀਆਂ ਵੱਢ ਕੇ ਇਹਨਾਂ ਦੀ ਲੱਕੜ ਆਪ ਜੀ ਨੇ ਇਥੋਂ ਲਿਜਾ ਕੇ ਕਿਸੇ ਗੁਰਦੁਆਰੇ ਦੀ ਸੇਵਾ ਤੇ ਲਾਈ, ਟਾਹਲੀਆਂ ਵਿਚੋਂ ਕੋਈ ਖ਼ੂਨ ਨਾ ਵਗਿਆ।

2. ਇਸੇ ਤਰ੍ਹਾਂ ਕੋਟ ਪਿੰਡੀ ਦਾਸ ਭੀ ਕੁੱਝ ਟਾਹਲੀਆਂ ਸਨ, ਉਨ੍ਹਾਂ ਟਾਹਲੀਆਂ ਨੂੰ ਭੀ ਕੋਈ ਡਰਦਾ ਹੱਥ ਨਹੀਂ ਸੀ ਲਾਉਂਦਾ। ਉਹ ਭੀ ਆਪ ਨੇ ਅਰਦਾਸਾ ਸੋਧ ਕੇ ਪਹਿਲੇ ਟੱਕ ਲਾਇਆ ਤੇ ਸਾਰੀਆਂ ਦੀ ਲੱਕੜ ਸ੍ਰੀ ਨਨਕਾਣਾ ਸਾਹਿਬ ਦੇ ਬੁੰਗੇ ਤੇ ਲੁਆਈ।

3. ਦਾਸ ਨੇ ਨਗਰ ਭਖੜੇ ਆਲੀ ਇਕ ਪੀਰ ਦਾ ਛੱਪੜ ਵੱਜਦਾ ਸੀ। ਉਸ ਦੇ ਉੱਤੇ ਇਕ ਬੜੀ ਪੁਰਾਣੀ ਟਾਹਲੀ ਸੀ, ਜਿਸ ਨੂੰ ਕੋਈ ਹੱਥ ਨਹੀਂ ਸੀ ਲਾਂਦਾ। ਮਹਾਂਪੁਰਖਾਂ ਨੇ ਅਰਦਾਸਾ ਸੋਧ ਕੇ ਉਸ ਟਾਹਲੀ ਨੂੰ ਵੱਢਵਾਇਆ ਅਤੇ ਬੜੀ ਕਾਲੀ ਸ਼ਾਹ ਲੱਕੜ, ਜੋ ਗੁਰਦੁਆਰੇ ਦੀਆਂ ਚੁਗਾਠਾਂ ਅਤੇ ਦਰਵਾਜ਼ਿਆਂ ਵਿਚ ਵਰਤੀ ਗਈ। ਇਕ ਬਹੁਤ ਸਾਰਾ ਵੱਡਾ ਪਿੱਪਲ ਸੀ। ਇਸ ਪਿੱਪਲ ਦੀ ਥਾਂ ਤੇ ਗੁਰਦੁਆਰਾ ਬਨਾਉਣਾ ਸੀ, ਉਸ ਨੂੰ ਵੱਢਣ ਲਈ ਕੋਈ ਹੀਆ ਨਹੀਂ ਸੀ ਕਰਦਾ। ਉਹ ਭੀ ਆਪ ਜੀ ਨੇ ਪਹਿਲੇ ਕੁਹਾੜੇ ਨਾਲ ਟੱਕ ਲਾਇਆ ਤੇ ਪਿੱਪਲ ਵਢਵਾ ਕੇ ਉਥੇ ਆਪ ਜੀ ਨੇ ਬੜੀ ਸ਼ਾਨਦਾਰ ਗੁਰਦੁਆਰੇ ਦੀ ਬਿਲਡਿੰਗ ਬਣਵਾਈ।

4. ਇਸੇ ਤਰ੍ਹਾਂ ਜੈਸਾ ਕਿ ਪਹਿਲੇ ਦੱਸ ਆਇਆ ਹਾਂ ਬਜ਼ੁਰਗਵਾਲ ਪਿੰਡ ਵਿਚ ਡੋਲੀਆਂ ਖਿਡਾਉਣ ਵਾਲਿਆਂ ਦੇ ਘਰਾਂ ਵਿਚ ਥਾਨ ਬਣੇ ਹੋਏ ਸਨ। ਉਹ ਆਪ ਜੀ ਨੇ ਕਹੀ ਲੈ ਕੇ ਪੁੱਟੇ ਤੇ ਉਨ੍ਹਾਂ ਦੇ ਡੂੰਡੇ ਤੇ ਖੁੰਡੀਆਂ ਸਭ ਆਪਣੇ ਨਾਲ ਲਿਜਾ ਕੇ ਗੁਰਦੁਆਰੇ ਦੀ ਇਕ ਨੀਂਹ ਵਿਚ ਸੁਟਵਾ ਕੇ ਉੱਤੇ ਇੱਟਾਂ ਦੀ ਚਿਣਾਈ ਕਰਵਾ ਦਿੱਤੀ। ਇਸ ਤਰ੍ਹਾਂ ਆਪ ਮਨਮਤਾਂ ਤੇ ਵਹਿਮਾਂ ਨੂੰ ਦੂਰ ਕਰਨ ਲਈ ਬੜੇ ਦ੍ਰਿੜ ਸਨ, ਬੜੇ ਦਲੇਰ ਸਨ। ਇਸ ਤਰ੍ਹਾਂ ਦੇ ਵਹਿਮਾਂ ਦੀ ਜਿਥੇ ਭੀ ਆਪ ਜੀ ਨੂੰ ਖਬਰ ਲੱਗ ਜਾਂਦੀ, ਉਥੇ ਉਚੇਚੇ ਪੁੱਜ ਕੇ ਉਹ ਵਹਿਮ ਦੂਰ ਕਰਦੇ। ਉਨ੍ਹਾਂ ਵਿਚ ਆਤਮਕ ਸ਼ਕਤੀ ਸੀ, ਇਸ ਲਈ ਉਹ ਅਜਿਹੀਆਂ ਵਹਿਮਾਂ ਅਤੇ ਮਨਮਤਾਂ ਨੂੰ ਦੂਰ ਕਰਨ ਲਈ ਬੜੀ ਨਿਡਰਤਾ ਨਾਲ ਗੁਰੂ ਆਸਰਾ ਲੈ ਕੇ, ਆਪਣੀ ਹੱਥੀ ਕੁਹਾੜਾ ਫੜ ਕੇ ਅਜਿਹੇ ਕੁਕਰਮਾਂ ਨੂੰ ਜੜ੍ਹਾਂ ਤੋਂ ਹੀ ਪੁੱਟ ਦਿੰਦੇ ਸਨ। ਲੋਕਾਂ ਨੂੰ ਮਨਮਤਾਂ ਤੇ ਵਹਿਮਾਂ ਤੋਂ ਹਟਾ ਕੇ ਗੁਰਮਤ ਦੇ ਸਿੱਧੇ ਰਸਤੇ ਚੱਲਣ ਦਾ ਉਪਦੇਸ਼ ਦਿੰਦੇ ਸਨ ਤੇ ਸਿੱਖੀ ਦੇ ਸਿੱਧੇ ਰਸਤੇ ਚੱਲਣ ਦੀ ਪ੍ਰੇਰਣਾ ਕਰਦੇ ਸਨ।

## ਸ. ਗੁਰਦਿੱਤ ਸਿੰਘ ਜੀ ਆਸਟਰੇਲੀਆ ਵਾਲਿਆਂ ਦੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਵਸੀਅਤ

ਸ. ਗੁਰਦਿੱਤ ਸਿੰਘ ਜੀ ਦਾ ਜਨਮ ਪਿੰਡ ਸੰਤਪੁਰਾ ਜ਼ਿਲ੍ਹਾ ਗੁਜਰਾਤ ਦਾ ਸੀ। ਕਈ ਸਾਲਾਂ ਤੋਂ ਆਸਟਰੇਲੀਆ ਵਿਚ ਕੱਪੜੇ ਦਾ ਵਪਾਰ ਕਰਦੇ ਸਨ। ਇਨ੍ਹਾਂ ਦਾ ਕੋਈ ਬੱਚਾ ਨਹੀਂ ਸੀ। ਸਿੰਘਣੀ ਨੂੰ ਨਾਲ ਨਹੀਂ ਸੀ ਲਿਜਾਂਦੇ। ਇਕੱਲੇ ਹੀ ਉਥੇ ਜਾ ਕੇ ਵਪਾਰ ਕਰਦੇ ਸਨ। ਇਨ੍ਹਾਂ ਦਾ ਇਕ ਭਰਾ ਸ. ਲਾਲ ਸਿੰਘ ਸੀ, ਉਸ ਦਾ ਵਪਾਰ ਦਾ ਕੰਮ ਇਥੇ ਹੀ ਚੰਗਾ ਸੀ। ਕਈ ਵੇਰ ਸ. ਗੁਰਦਿੱਤ ਸਿੰਘ ਨੇ ਭਰਾ ਨੂੰ ਆਸਟਰੇਲੀਆ ਮੰਗਾਉਣ ਦਾ ਯਤਨ ਕੀਤਾ, ਪਰ ਸ. ਲਾਲ ਸਿੰਘ ਕਹਿੰਦੇ ਕਿ ਮੇਰਾ ਇਥੇ ਹੀ ਆਸਟਰੇਲੀਆ ਹੈ। ਦੇਵਨਾਤ ਕੁਦਰਤ ਦੀ ਖੇਲ। ਸ. ਗੁਰਦਿੱਤ ਸਿੰਘ ਜੀ ਦੀ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਸਟਰੇਲੀਆ ਦੇ ਮਕਾਨ, ਬੈਂਕਾਂ ਦਾ ਰੁਪਯਾ ਆਦਿ ਸਾਰੀ ਜਾਇਦਾਦ ਦੀ ਵਸੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਕਰ ਦਿੱਤੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਜੀ ਦੇ ਭਰਾ ਭਾਈ ਲਾਲ ਸਿੰਘ ਜੀ ਨੂੰ ਆਸਟਰੇਲੀਆ ਮੁਖਤਾਰਨਾਮਾ ਦੇ ਕੇ ਭੇਜਿਆ। ਇਨ੍ਹਾਂ ਉਥੇ ਜਾ ਕੇ ਮਕਾਨ ਵੇਚੇ। ਉਸ ਦੀ ਰਕਮ ਭੀ ਅਤੇ ਬੈਂਕਾਂ ਵਿਚ ਜੋ ਰਕਮ ਸੀ, ਉਹ ਭੀ ਸਭ ਹਿੰਦੁਸਤਾਨ ਦੇ ਬੈਂਕ ਪੰਜਾਬ ਨੈਸ਼ਨਲ ਬੈਂਕ ਵਿਚ ਜਾਂ ਜਿੱਥੇ ਕਿ ਆਪ ਜੀ ਦਾ ਅਕਾਊਂਟ ਸੀ, ਟਰਾਂਸਫਰ ਕਰਾ ਦਿੱਤੀ ਅਤੇ ਕੁਝ ਦਿਨਾਂ ਪਿਛੋਂ ਸਾਰੀ ਕਾਰਵਾਈ ਕਰਕੇ ਭਾਈ ਲਾਲ ਸਿੰਘ ਵਾਪਸ ਆ ਗਏ।

(ਚਲਦਾ)

**ਕਿਰਤ ਕਰੋ, ਨਾਮ ਜਪੋ, ਵੰਡ ਛਕੋ।**

27 ਨਵੰਬਰ ਅਵਤਾਰ ਪੁਰਬ 'ਤੇ ਵਿਸ਼ੇਸ਼

# ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ



ਜਦ ਸੱਚ ਦਾ ਸੂਰਜ ਚੜ੍ਹਦਾ ਹੈ ਤਾਂ ਝੂਠ ਦੀ ਪਰਤ ਉੱਤਰ ਜਾਂਦੀ ਹੈ। ਜਿੰਨੇ ਮਰਜ਼ੀ ਬੱਦਲ ਗੱਜਣ ਅਸਮਾਨ ਤੇ ਹਨ੍ਹੇਰਾ ਹੋ ਜਾਵੇ ਇਕ ਰੋਸ਼ਨੀ ਦੀ ਕਿਰਨ ਸੂਰਜ ਦੀ ਜਦੋਂ ਪੈ ਜਾਂਦੀ ਹੈ ਤਾਂ ਸਭ ਨੂਰ ਹੀ ਨੂਰ ਹੋ ਜਾਂਦਾ ਹੈ, ਲੋਕ ਸੁੱਖੀ ਹੋ ਜਾਂਦੇ ਹਨ। ਐਸੀ ਪਵਿੱਤਰ ਆਤਮਾ ਨੇ 15 ਅਪ੍ਰੈਲ 1469 ਈ. ਨੂੰ ਤਲਵੰਡੀ ਸ਼ੇਖੂਪੁਰਾ ਨਨਕਾਣਾ ਸਾਹਿਬ, ਪੰਜਾਬ ਜੋ ਮੌਜੂਦਾ ਪਾਕਿਸਤਾਨ ਵਿੱਚ ਹੈ, ਵਿਖੇ ਜਨਮ ਲਿਆ। ਮਾਂ-ਬਾਪ ਨੇ ਨਾਮ ਨਾਨਕ ਰੱਖ ਦਿੱਤਾ। ਪਿਤਾ ਮਹਿਤਾ ਕਾਲੂ ਪਟਵਾਰੀ ਸਨ ਤੇ ਕਿੱਤਾ ਖੇਤੀਬਾੜੀ ਕਰਦੇ ਸਨ। ਆਪ ਜੀ ਬਚਪਨ ਵਿੱਚ ਹੀ ਪ੍ਰਭੂ ਭਗਤੀ ਵਿਚ ਲੀਨ ਸਨ ਲੋਕਾਈ ਨੂੰ ਉਪਦੇਸ਼ ਦੇਣ ਆਏ ਸਨ 'ਨਾ ਕੋਈ ਹਿੰਦੂ ਨਾ ਮੁਸਲਮਾਨ' ਸਭ ਹਨ ਉਸ ਦੀ ਸੰਤਾਨ। ਪੰਡਿਤ ਗੋਪਾਲ ਦਾਸ ਪਾਸ ਪਾਠ ਪੜ੍ਹਨੇ ਪਾਇਆ ਆਪ ਉਸ ਨੂੰ ਹੀ ਪੜ੍ਹਾ ਆਏ। ਪੰਡਿਤ ਬ੍ਰਿਜ ਲਾਲ ਤੋਂ ਸੰਸਕ੍ਰਿਤ ਭਾਸ਼ਾ ਸਿਖੀ, ਮੌਲਵੀ ਕੁਤਬਦੀਨ ਪਾਸੋਂ ਫਾਰਸੀ ਦੀ ਸਿੱਖਿਆ ਲਈ। 20 ਰੁਪਏ ਦੇ ਪੈਸਿਆਂ ਨਾਲ ਪ੍ਰਭੂ ਭਗਤੀ ਵਿਚ ਲੀਨ ਸੰਤਾਂ ਨੂੰ ਭੋਜਨ ਛਕਾਇਆ ਤੇ ਸੱਚ ਦਾ ਵਪਾਰ ਕੀਤਾ।

ਗੁਰੂ ਨਾਨਕ ਸਾਹਿਬ ਦੇ ਸਮੇਂ ਖੇਤੀ ਨੂੰ ਘਟੀਆ ਧੰਦਾ ਮੰਨਿਆ ਜਾਂਦਾ ਸੀ। ਖੇਤੀ ਕਰਨ ਵਾਲੇ ਜਗੀਰਦਾਰਾਂ ਦੇ ਗ਼ੁਲਾਮ ਸਮਝੇ ਜਾਂਦੇ ਸਨ। ਗੁਰੂ ਸਾਹਿਬ ਨੇ ਕੇਵਲ ਆਪ ਖੇਤੀ ਕੀਤੀ, ਸਗੋਂ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਆਖਿਆ। ਅਜਿਹਾ ਕਰ ਕੇ ਉਨ੍ਹਾਂ ਨੇ ਖੇਤੀ ਇਨਕਲਾਬ ਦੀ ਨੀਂਹ ਰੱਖੀ ਤਾਂ ਜੋ ਸੰਸਾਰ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ ਜਾ ਸਕੇ। ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਲੱਦਾਖ ਗਏ ਤਾਂ ਉਥੇ ਭੁੱਖਮਰੀ ਪਈ ਹੋਈ ਸੀ। ਗੁਰੂ ਜੀ ਨੇ ਉਥੋਂ ਦੇ ਲੋਕਾਂ ਨੂੰ ਚੌਲਾ ਦੀ ਖੇਤੀ ਕਰਨ ਦੀ ਨਾ ਕੇਵਲ ਜਾਂਚ ਸਿਖਾਈ ਸਗੋਂ ਖੇਤੀ ਕਰਨ ਲਈ ਉਤਸ਼ਾਹਿਤ ਭੀ ਕੀਤਾ। ਖੇਤੀ ਅਜਿਹਾ ਧੰਦਾ ਹੈ, ਜਿਸ ਦਾ ਕਰਤਾ ਆਪਣੇ ਆਪ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ੇ 'ਨਾਮ ਜਪਣ, ਕਿਰਤ ਕਰਨੀ ਤੇ ਵੰਡ ਛਕਣ' ਵਾਲੇ ਅਸੂਲਾਂ ਦਾ ਧਾਰਨੀ ਹੋ ਜਾਂਦਾ ਹੈ। ਕਿਸਾਨ ਹੱਡ ਤੋੜਵੀਂ ਤੇ ਸੁੱਚੀ ਕਿਰਤ ਕਰਦਾ ਹੈ। ਉਸ ਦੀ ਕਿਰਤ ਵਿਚ ਕਿਤੇ ਵੀ ਕੂੜ ਨਹੀਂ ਹੈ। ਕਿਸਾਨ ਆਪਣਾ ਹੀ ਨਹੀਂ ਸਗੋਂ ਸਾਰੀ ਲੋਕਾਈ ਦਾ ਢਿੱਡ ਭਰਦਾ ਹੈ। ਉਸ ਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਇਹ ਕਿਸਾਨ ਹੀ ਹੈ ਜਿਹੜਾ ਆਪਣੇ ਖੇਤਾਂ 'ਚ ਕੰਮ ਕਰਦਾ ਹੈ ਤੇ ਨਾਲ ਹੀ ਪ੍ਰਭੂ ਦਾ ਨਾਮ ਵੀ ਜਪਦਾ ਹੈ। ਗੁਰੂ ਜੀ ਨੇ ਲੋਕਾਈ ਨੂੰ ਖੇਤੀ ਕਰਨ ਵਲ ਪ੍ਰੇਰਿਆ ਤਾਂ ਜੋ ਸੰਸਾਰ 'ਚੋਂ ਭੁੱਖ-ਦੁੱਖ ਦੂਰ ਹੋ ਸਕੇ। ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਸਾਹਿਬ ਨੇ ਕਿਰਤੀ ਨੂੰ ਸਤਿਕਾਰ ਦੇ ਕੇ ਉਸ ਨੂੰ ਮਹਾਨਤਾ ਬਖ਼ਸ਼ੀ, ਸਿੱਖਾਂ ਨੂੰ ਬਰਾਬਰ ਦਾ ਸਬਕ ਸਿਖਾਇਆ ਤੇ ਜਦੋਂ ਬਰਾਬਰੀ ਦੀ ਭਾਵਨਾ ਜਾਗ ਪਵੇ ਤਾਂ ਤੁਹਾਨੂੰ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨ ਦਿੰਦੀ। ਇਹ ਭਾਵਨਾ ਸਾਨੂੰ ਮਾਨਸਿਕ ਤੌਰ 'ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਸਿੱਖ ਧਰਮ ਨੇ ਲੋਕਾਂ ਅੰਦਰ ਬਹਾਦਰੀ, ਉੱਦਮ ਤੇ ਸ਼ਕਤੀ ਭਰੀ। ਲੋਕਾਂ ਦੇ ਚਿੰਤਨ ਨੂੰ ਹਾਂ-ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਸਿੱਖੀ ਦਾ ਵੱਡਾ ਯੋਗਦਾਨ ਹੈ।

ਗੁਰੂ ਜੀ ਨੇ ਆਸਾ ਦੀ ਵਾਰ ਵਿਚ ਇਸਤਰੀ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ, ਜਿਨ੍ਹਾਂ ਨਾਲ ਸਮਾਜ ਦੀ ਹੋਂਦ ਹੈ, ਔਰਤ ਜਗ ਜਣਨੀ ਹੈ, ਉਹ ਸਤਿਕਾਰਯੋਗ ਹੈ। ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਤੇ ਪਰਦੇ ਦੀ ਰਸਮ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ, ਜਿਸ ਨਾਲ


ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਸਮਾਜ ਵਿਚ ਔਰਤ ਨੂੰ ਰੁਤਬਾ ਤੇ ਮਾਣ-ਸਨਮਾਨ ਵਧਿਆ। ਗੁਰੂ ਨਾਨਕ ਦੇਵ ਦੀ ਨੇ ਸਮਾਜ ਸੁਧਾਰ ਲਈ ਫ਼ਾਲਤੂ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕੀਤਾ, ਜਿਵੇਂ ਜਨੇਊ ਪਾਉਣਾ, ਸੂਤਕ-ਪਾਤਕ ਤੇ ਸ਼ਰਾਧ ਕਰਨੇ ਆਦਿ। ਇਸੇ ਤਰ੍ਹਾਂ ਸ਼ਰਾਧ ਕਰਨ ਤੇ ਸੁੱਚ-ਭਿੱਟ ਦੇ ਵਹਿਮਾਂ ਬਾਰੇ ਵੀ ਉਨ੍ਹਾਂ ਨੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਕਿ ਜੇ ਠੱਗੀਆਂ, ਚੋਰੀਆਂ ਕਰ ਕੇ ਪਿੱਤਰਾਂ ਦੇ ਸ਼ਰਾਧ ਕਰਨੇ ਹਨ ਤਾਂ ਕੀ ਲਾਭ?

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ 'ਤੇ ਵੀ ਵਿਅੰਗ ਕੀਤਾ, ਜੋ ਦੂਸਰਿਆਂ ਦੀ ਲੁੱਟ-ਖਸੁੱਟ ਕਰ ਕੇ ਐਸ਼ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਰਤ ਦੀ ਕੋਈ ਮਹੱਤਤਾ ਨਹੀਂ। ਗੁਰੂ ਸਾਹਿਬ ਦਾ ਸਮਾਜਵਾਦ ਅਜਿਹਾ ਸੀ, ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਹੱਥੀਂ ਕਿਰਤ ਕਰ ਕੇ ਵੰਡ ਛਕਣ। ਉਨ੍ਹਾਂ ਨੇ ਆਪ ਬਚਪਨ ਵਿਚ ਮੱਝਾਂ ਚਾਰੀਆਂ, ਮੋਦੀਖ਼ਾਨੇ ਦੀ ਨੌਕਰੀ ਕੀਤੀ ਤੇ ਆਖ਼ਰੀ ਉਮਰੇ ਕਰਤਾਰਪੁਰ ਵਿਖੇ ਖੇਤੀਬਾੜੀ ਕੀਤੀ। ਉਹ ਗ਼ਰੀਬਾਂ ਦੇ ਹਮਦਰਦ ਸਨ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਲਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੀ ਕਿਰਤ ਕਮਾਈ ਦੀ ਰੋਟੀ ਖਾਧੀ। ਉਨ੍ਹਾਂ ਦੱਸਿਆ ਕਿ ਦਸਾਂ ਨਹੁੰਆਂ ਦੀ ਕਿਰਤ ਮਨੁੱਖ ਨੂੰ ਸਬਰ ਸੰਤੋਖ ਵਾਲਾ ਬਣਾ ਦਿੰਦੀ ਹੈ।

ਭਾਈ ਮਰਦਾਨਾ ਜੀ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਕਿਰਤੀ ਮਿਸਤਰੀ ਭਾਈ ਲਾਲੋ ਤੇ ਝੰਡਾ, ਹਸੋ ਲੁਹਾਰ ਤੇ ਸ਼ਿਹਾਨ ਦਰਜੀ ਨੂੰ ਮਾਨਤਾ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ ਤੇ ਆਪਣੇ ਸਮੇਂ ਦੌਰਾਨ ਲੋਧੀ ਰਾਜ, ਮੁਗ਼ਲਾਂ ਤੇ ਸ਼ੇਰ ਸ਼ਾਹ ਸੂਰੀ ਦੀ ਆਮਦ ਵੇਖੀ ਤੇ ਇਸ ਸਮੇਂ ਦੌਰਾਨ ਜੋ ਜ਼ੁਲਮ ਕਮਜ਼ੋਰ ਜਨਤਾ 'ਤੇ ਹੋਏ, ਉਹ ਸਹਿਣ ਨਾ ਕਰ ਸਕੇ ਤੇ ਰਾਜਿਆਂ ਨੂੰ ਬੁੱਚੜ ਤੇ ਕਸਾਈ ਤਕ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਬਰ ਨੇ ਜਦੋਂ ਐਮਨਾਬਾਦ ਵਿਖੇ ਲੁੱਟ ਮਚਾਈ, ਔਰਤਾਂ ਤੇ ਬੱਚਿਆਂ 'ਤੇ ਜ਼ੁਲਮ ਕੀਤਾ ਤਾਂ ਬਾਬਾ ਜੀ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਉਨ੍ਹਾਂ ਨੇ ਬਾਬਰ ਨੂੰ ਨਸੀਹਤ ਦਿੱਤੀ ਕਿ ਜੇ ਪੱਕੇ ਪੈਰੀਂ ਰਾਜ ਕਰਨਾ ਹੈ ਤਾਂ ਲੋਕਾਂ ਦੇ ਦਿਲ ਜਿੱਤੇ।

ਗੁਰੂ ਜੀ ਨੇ ਸੱਜਣ ਠੱਗ, ਮਲਕ ਭਾਗੋ, ਚਤੁਰ ਦਾਸ, ਬਨਾਰਸ ਦੇ ਬ੍ਰਾਹਮਣਾਂ, ਕੌਡੇ ਰਾਕਸ਼ਸ਼, ਨੂਰ ਸ਼ਾਹ, ਕਾਮਰੂਪ ਦੀ ਰਾਣੀ, ਬਗ਼ਦਾਦ ਦੇ ਪੀਰ ਦਸਤਗੀਰ ਤੇ ਮੱਕੇ ਦੇ ਕਾਜ਼ੀ ਆਦਿ ਨੂੰ ਰਾਹੇ ਪਾਇਆ।

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਾਲੋ ਜੀ ਨੂੰ ਪਹਿਲੀ ਮੰਜੀ ਬਖ਼ਸ਼ੀ ਤਾਂ ਕਿ ਉੱਤਰੀ ਭਾਰਤ ਵਿਚ ਸਿੱਖੀ ਅਤੇ ਭਰਾਤਰੀ ਭਾਵ ਦਾ ਪ੍ਰਚਾਰ ਹੋ ਸਕੇ।

ਗੁਰੂ ਸਾਹਿਬ ਦੀ ਵਡਿਆਈ ਦੀ ਹੋਰ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਅੰਨਿਨ ਸੇਵਕ ਭਾਈ ਲਹਿਣੇ ਨੂੰ ਅੰਗੀਕਾਰ ਕੀਤਾ ਤੇ 'ਅੰਗਦ' ਨਾਮ ਦਿੱਤਾ ਤੇ ਉਨ੍ਹਾਂ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ।

ਗੁਰੂ ਜੀ ਨੇ ਦੇਸ਼-ਦੁਨੀਆ ਦੇ ਕੋਨੇ-ਕੋਨੇ 'ਚ ਜਾ ਕੇ ਲਗਪਗ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕੀਤੀ ਤੇ ਭੁੱਲੇ ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ।

ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਟਿਕਾਣਾ ਕੀਤਾ ਤੇ ਖੇਤੀਬਾੜੀ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਜਪੁਜੀ, ਆਸਾ ਦੀ ਵਾਰ, ਓਂਕਾਰ, ਸਿਧ ਗੋਸਟਿ, ਬਾਰਹਮਾਹ, ਅਲਾਹੁਣੀਆਂ ਤੇ ਘੋੜੀਆਂ ਦੀ ਰਚਨਾ ਮਾਤ ਭਾਸ਼ਾ ਪੰਜਾਬੀ 'ਚ ਕੀਤੀ, ਜੋ ਬਾਅਦ ਵਿਚ ਗੁਰਮੁਖੀ ਕਹਾਈ। ਉਨ੍ਹਾਂ ਦਾ ਮਕਸਦ ਸੀ ਆਪਣੇ ਸਿਧਾਂਤ, ਵਿਚਾਰ, ਉਪਦੇਸ਼ ਲੋਕਾਈ ਤਕ ਆਸਾਨ ਰੂਪ 'ਚ ਪਹੁੰਚਦੇ ਕੀਤੇ ਜਾਣ। ਗੁਰੂ ਸਾਹਿਬ ਨੇ ਉਸ ਵਰਗ ਨੂੰ ਪੰਜਾਬੀ ਭਾਸ਼ਾ ਪੜ੍ਹਨ ਦੀ ਖੁੱਲ੍ਹ ਦਿੱਤੀ ਤੇ ਆਮ ਲੋਕਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ। ਆਉ ਗੁਰੂ ਸਾਹਿਬ ਜੀ ਦੇ ਅਵਤਾਰ ਪੁਰਬ 'ਤੇ ਉਨ੍ਹਾਂ ਦੀਆਂ ਸਿੱਖਿਆ 'ਤੇ ਚੱਲਣ ਦਾ ਯਤਨ ਕਰੀਏ ਤਾਂ ਜੋ ਜੀਵਨ ਸਫਲਾ ਹੋ ਸਕੇ।

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਅਕਤੂਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ -** ਪਿਛਲੇ ਰਿਪੋਰਟ ਦੀ ਲਗਾਤਾਰਤਾ ਵਿੱਚ ਅਕਤੂਬਰ 2023 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਅਕਤੂਬਰ ਮਹੀਨੇ ਦੀ ਕੁੱਲ ਆਮਦਨ (ਰੁਪਏ) - 11,32,515/-

ਅਕਤੂਬਰ ਮਹੀਨੇ ਦਾ ਕੁੱਲ ਖਰਚ (ਰੁਪਏ) - 4,14,748/-

2. **ਅਕਤੂਬਰ ਮਹੀਨੇ ਦੀ ਸੰਗਰਾਂਦ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ ।

3. **ਡੈਂਟਲ ਕਲੀਨਿਕ ਦੀ ਰਿਪੋਰਟ -** ਡੈਂਟਲ ਕਲੀਨਿਕ ਦੀ ਰਿਪੋਰਟ ਦੇ ਅਨੁਸਾਰ ਡੈਂਟਲ ਕਲੀਨਿਕ ਦਾ ਕੰਮ ਤਸੱਲੀਬਖ਼ਸ਼ ਚੱਲ ਰਿਹਾ ਹੈ। ਇਸ ਮਹੀਨੇ 30 ਮਰੀਜ਼ਾਂ ਦੀ ਡੈਂਟਲ ਚੈੱਕਅਪ ਅਤੇ ਇਲਾਜ ਕੀਤਾ ਗਿਆ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ -** ਇਸ ਸੰਬੰਧ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਇੰਜ: ਹਰਦੇਵ ਸਿੰਘ, ਸੀ: ਮੈਂਟੀ. ਇੰਜੀਨੀਅਰ ਦੀ ਅਗਵਾਈ ਵਿੱਚ ਫਿਟਿੰਗ ਦੀਆਂ ਜੋ ਲੋੜੀਂਦੀਆ ਕਾਰਵਾਈਆਂ ਮੁਕੰਮਲ ਕਰਕੇ ਭਾਈ ਮਨੀ ਸਿੰਘ ਬਲਾਕ ਵਿੱਚ ਫਿੱਟ ਕਰ ਦਿੱਤੀਆਂ ਗਈਆਂ ਹਨ ਅਤੇ ਉਹਨਾਂ ਵਲੋਂ ਐਨ.ਓ.ਸੀ. ਪ੍ਰਾਪਤ ਕਰਨ ਵਾਸਤੇ ਅਗਲੇਰੀ ਕਾਰਵਾਈ ਦੀ ਛੇਤੀ ਉਮੀਦ ਕਿਤੀ ਜਾ ਰਹੀ ਹੈ ।

5. **ਜ਼ਰੂਰਤ ਅਤੇ ਹੋਣਹਾਰ ਬੱਚਿਆ ਨੂੰ ਵਜੀਫ਼ੇ ਦੇਣ ਸੰਬੰਧੀ -** ਅਗਸਤ ਅਤੇ ਸਤੰਬਰ ਮਹੀਨੇ ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਬਿਨੈ ਪੱਤਰ ਫ਼ਾਰਮ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਇਸ ਦੀ ਅਰਜੀਆਂ ਆਉਣ ਦੀ ਮਿਤੀ 31-10-2023 ਰੱਖੀ ਗਈ ਸੀ। ਹੁਣ ਅਜੇ ਵੀ ਅਰਜੀਆਂ ਬਹੁਤੀਆਂ ਪ੍ਰਾਪਤ ਨਹੀ ਹੋਇਆਂ ਇਸ ਵੇਲੇ ਤਕਰੀਬਨ 16 ਬਿਨੈ ਪੱਤਰ ਪ੍ਰਾਪਤ ਹੋਏ ਹਨ ਇਸ ਲਈ ਅਰਜੀਆਂ ਲੈਣ ਦੀ ਮਿਤੀ 30-11-2023 ਪ੍ਰਧਾਨ ਜੀ ਦੀ ਮੰਜੂਰੀ ਨਾਲ ਕਰ ਕਰ ਦਿੱਤੀ ਗਈ ਹੈ।

6. **ਭਾਈ ਮਨੀ ਸਿੰਘ ਬਲਾਕ ਦੀ ਮੁਰੰਮਤ ਬਾਰੇ -** ਭਾਈ ਮਨੀ ਸਿੰਘ ਬਲਾਕ ਬਾਰੇ ਜੋ ਵਰਕਿੰਗ ਕਮੇਟੀ ਕਮੇਟੀ ਮਿਤੀ 27-09-2023 ਵਿੱਚ ਮੁਰੰਮਤ ਬਾਰੇ ਕੰਮਕਾਜ ਕਰਨ ਬਾਰੇ ਫ਼ੈਸਲਾ ਲਿਆ ਗਿਆ ਸੀ ਜਿਵੇਂ ਕਿ ਬੇਸਮੈਂਟ ਵਿੱਚ ਮੁਰੰਮਤ ਪੂਰੀ ਤਰ੍ਹਾਂ ਕਰਕੇ ਸਾਰੇ ਰਿਕਾਰਡ ਦੀ ਤਰਤੀਬਕਾਰ ਸਾਂਭ-ਸੰਭਾਲ ਸਟੀਲ ਦੀਆਂ ਅਲਮਾਰੀਆਂ ਵਿੱਚ ਕੀਤੀ ਜਾਵੇ ਤਾਂ ਜੋ ਸਿਉਂਕ ਤੇ ਚੂਹਿਆਂ ਤੋਂ ਖਰਾਬੀ ਹੋਣ ਤੋਂ ਬਚਾਇਆ ਜਾ ਸਕੇ ਅਤੇ ਲੋੜ ਪੈਣ ਤੇ ਲੋੜੀਂਦੇ ਰਿਕਾਰਡ ਦੀ ਤੁਰੰਤ ਉਪਲੱਭਤਾ ਹੋ ਸਕੇ।

ਪਰੰਤੂ ਅਜੇ ਤੱਕ ਇਹ ਕਾਰਵਾਈ ਅਮਲੀ ਰੂਪ ਵਿੱਚ ਨਹੀ ਹੋ ਸਕੀ ਹੈ। ਇਸ ਬਾਰੇ ਪ੍ਰਧਾਨ ਜੀ ਸੰਬੰਧਿਤ ਮੈਂਬਰਾਂ ਨੂੰ ਫਿਰ ਬੇਨਤੀ ਕਰਦੇ ਹਨ ਕਿ ਇਹ ਕੰਮ ਛੇਤੀ ਨੇਪਰੇ ਚਾੜ੍ਹਿਆ ਜਾਵੇ ਜੀ।

**7. ਮਨੀਸ਼ ਕੁਮਾਰ ਗਬਨ ਕੇਸ ਬਾਰੇ -** ਇਸ ਕੇਸ ਦੀ ਲਗਾਤਾਰਤਾ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਗਬਨ ਦੀ ਕੁੱਲ ਰਾਸ਼ੀ 1,19,000/-ਰੁਪਏ ਬਾਰੇ ਐਫ.ਆਰ.ਆਈ. ਦਰਜ ਹੋ ਚੁੱਕੀ ਹੈ ਅਤੇ ਸ੍ਰ: ਜਗਜੀਤ ਸਿੰਘ ਭਗਤਾਨਾ, ਐਸ.ਐਸ.ਪੀ. (ਰਿਟਾ.) ਸੀ: ਮੀਤ ਪ੍ਰਧਾਨ, ਪੰਜਾਬ ਦੀ ਅਗਵਾਈ ਵਿੱਚ ਅਗਲੇਰੀ ਕਾਰਵਾਈ ਲਈ ਯਤਨ ਜਾਰੀ ਹਨ।

**8. ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ -** ਪਿਛਲੇ ਅੰਕ ਸਤੰਬਰ 2023 ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਉਸਾਰੀ ਸਬ-ਕਮੇਟੀ ਵਲੋਂ ਅਗਲੇਰੀ ਕਾਰਵਾਈ ਕਰਦੇ ਹੋਏ ਮਿਤੀ 15-10-2023 ਨੂੰ ਅਰਦਾਸ ਉਪਰੰਤ ਡਿਸਮੈਂਟਲਿੰਗ (ਤੁੜਵਾਈ) ਦਾ ਕੰਮ ਜੋ ਕਿ ਪੁਰਾਣੀ ਖਸਤਾ ਹਾਲਤ ਵਿੱਚ ਦੋ ਮੰਜ਼ਿਲਾ ਬਿਲਡਿੰਗ ਸੀ, ਦਾ ਕੰਮ ਆਰੰਭ ਕਰ ਦਿੱਤਾ ਗਿਆ ਸੀ। ਇਸ ਦੇ ਇਵੇਜ ਵਿੱਚ ਤੋੜਨ ਵਾਲੀ ਪਾਰਟੀ ਵਲੋਂ 4,50,000/- ਰੁਪਏ (ਚਾਰ ਲੱਖ ਪੰਜਾਹ ਹਜ਼ਾਰ ਰੁਪਏ) ਰਾਸ਼ੀ ਭਵਨ ਦੇ ਖਾਤੇ ਵਿੱਚ ਪ੍ਰਾਪਤ ਹੋਣੀ ਹੈ ਜਿਸ ਵਿੱਚ 3,50,000/- ਰੁਪਏ (ਤਿੰਨ ਲੱਖ ਪੰਜਾਹ ਹਜ਼ਾਰ ਰੁਪਏ) ਪ੍ਰਾਪਤ ਹੋ ਚੁੱਕੇ ਹਨ। ਬਾਕੀ ਰਹਿੰਦੀ ਰਾਸ਼ੀ ਜੋ ਕਿ 1,00,000/- ਰੁਪਏ (ਇੱਕ ਲੱਖ ਰੁਪਏ) ਬਣਦੀ ਹੈ ਛੇਤੀ ਹੀ ਪ੍ਰਾਪਤ ਹੋ ਜਾਵੇਗੀ। ਇਸ ਕੰਮ ਦੀ ਸਾਰੀ ਪ੍ਰਕੀਰਿਆ ਨਿਯਮਾਂ ਮੁਤਾਬਕ ਕੀਤੀ ਗਈ ਸੀ।

ਭਾਈ ਲੱਖੀ ਸ਼ਾਹ ਬਲਾਕ ਦਾ ਮੁੜ ਨਵੀਨ ਉਸਾਰੀ ਬਾਰੇ ਵੀ ਯੋਗ ਨਿਯਮਾਂ ਮੁਤਾਬਕ ਅਗਲੇਰੀ ਕਾਰਵਾਈ ਕਰਦੇ ਹੋਏ ਆਰਕੀਟੈਕਟ ਅਤੇ ਸਟਰਕਚਰ ਇੰਜੀਨੀਅਰ ਦੁਆਰਾ ਪ੍ਰਾਪਤ ਟੈਕਨੀਕਲ ਅਤੇ ਦੂਜੇ ਹੋਰ ਨਿਯਮਾਂ ਦੇ ਅਧਾਰ ਤੇ ਅਗਲੇਰੀ ਕਾਰਵਾਈ ਕਰਦੇ ਹੋਏ ਪ੍ਰੈਸ ਟੈਂਡਰ ਤਿਆਰ ਕਰਕੇ ਦੋ ਅਖਬਾਰਾਂ (ਅੰਗਰੇਜ਼ੀ ਅਖਬਾਰ-ਟ੍ਰਿਬਯੂਨ ਅਤੇ ਹਿੰਦੀ ਅਖਬਾਰ-ਹਿੰਦ ਕੇਸਰੀ) ਵਿੱਚ ਪ੍ਰਕਾਸ਼ਿਤ ਕੀਤੇ ਗਏ ਸਨ ਤਾਂ ਜੋ ਟੈਂਡਰਾਂ ਲਈ ਖੁੱਲ੍ਹਾ ਸੱਦਾ ਦੇ ਕੇ ਪ੍ਰਾਪਤ ਕੀਤੇ ਜਾ ਸਕਣ। ਪਹਿਲਾਂ ਟੈਂਡਰ ਪ੍ਰਾਪਤ ਕਰਨ ਦੀ ਮਿਤੀ 15-10-2023 ਰੱਖੀ ਗਈ ਸੀ ਅਤੇ ਖੋਲ੍ਹਣ ਦੀ ਮਿਤੀ 16-10-2023 ਰੱਖੀ ਗਈ ਸੀ ਪਰੰਤੂ ਟੈਂਡਰ ਘੱਟ ਪ੍ਰਾਪਤ ਹੋਣ ਕਾਰਨ ਟੈਂਡਰ ਦੀ ਮਿਆਦ 01-11-2023 ਤੱਕ ਵਧਾ ਦਿੱਤੀ ਗਈ ਸੀ ਜੋ ਕਿ ਮਿਤੀ 01-11-2023 ਨੂੰ ਹੀ ਉਸਾਰੀ ਸਬ-ਕਮੇਟੀ ਦੇ ਹਾਜ਼ਰ ਮੈਂਬਰਾਂ ਅਤੇ ਟੈਂਡਰ ਦੇਣ ਵਾਲਿਆਂ ਦੀ ਮੌਜੂਦਗੀ ਵਿੱਚ ਖੋਲ੍ਹ ਲਏ ਗਏ ਹਨ। ਇਸ ਸੰਬੰਧ ਵਿੱਚ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

9. ਗੁਰੂ ਲਾਧੋ ਰੇ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਨਿਰਧਾਰਿਤ ਮਿਤੀ 07-10-2023 ਨੂੰ ਗੁਰੂ ਲਾਧੋ ਰੇ ਦਿਵਸ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਅਮਿੱਟ ਨਿੱਘੀ ਯਾਦ ਵਿੱਚ ਚੰਡੀਗੜ੍ਹ ਭਵਨ ਵਿੱਖੇ ਬੜੀ ਸ਼ਰਧਾਪੂਰਵਕ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਕੀਰਤਨ ਅਤੇ ਬੁਲਾਰਿਆਂ ਵਲੋਂ ਕਥਾ ਵਿਚਾਰਾਂ ਆਈ ਹੋਈ ਸੰਗਤ ਨਾਲ ਸਾਂਝੀਆਂ ਕੀਤੀਆਂ ਅਤੇ ਉਪਰੰਤ ਲੰਗਰ ਅਟੁੱਟ ਵਰਤਿਆ ਗਿਆ। ਇਸ ਮੌਕੇ ਤੇ ਚੰਗੀ ਗਿਣਤੀ ਵਿੱਚ ਸ਼ਰਧਾਲੂ ਸੰਗਤ ਨੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਗੁਰੂ ਲਾਧੋ ਰੇ ਦਿਵਸ ਮਨਾਉਣ ਦੇ ਸੰਬੰਧ ਵਿੱਚ ਕੁੱਝ ਕੁ ਸਥਾਨਕ ਟ੍ਰਾਈਸਿਟੀ ਮੈਂਬਰਾਂ ਵਿੱਚੋਂ ਕਿਸੇ ਵਟਸ-ਐਪ ਗਰੁਪ ਵਿੱਚੋਂ ਕੁੱਝ ਕੁ ਮੈਂਬਰ ਸਾਹਿਬਾਨਾਂ ਵਲੋਂ ਇਹ ਦਰਸਾਇਆ ਗਿਆ ਕਿ ਉਹ ਇਸ ਫ਼ਾਉਂਡੇਸ਼ਨ ਦੇ ਸਤਕਰਤਾ (ਐਕਟਿਵ) ਮੈਂਬਰ ਹਨ ਅਤੇ ਉਹਨਾਂ ਨੂੰ ਸ਼ਪੈਸ਼ਲ ਸੱਦਾ ਨਹੀਂ ਦਿੱਤਾ ਗਿਆ। ਭਾਵੇਂ ਕਿ ਫ਼ਾਉਡੇਸ਼ਨ ਵਲੋਂ ਸਾਰੇ ਮੈਂਬਰਾਂ ਨੂੰ ਕਾਰਡਾਂ ਰਾਹੀ ਆਮੰਤਰਿਤ ਕੀਤਾ ਗਿਆ ਸੀ। ਗੁਰੂ ਘਰ ਵਿੱਚ ਹਰ ਮੈਂਬਰ ਨੂੰ ਪਤਾ ਹੈ ਕਿ ਮਿਤੀ 07-10-2023 ਗੁਰੂ ਲਾਧੋ ਰੇ ਦਿਵਸ ਦੀ ਪੱਕੀ ਤਰੀਕ ਹੈ ਜਿਸ ਕਰਕੇ ਐਕਟਿਵ ਮੈਂਬਰਾਂ ਦਾ ਫ਼ਰਜ਼ ਬਣਦਾ ਹੈ ਕਿ ਇਸ ਸਮਾਗਮ ਦੀ ਤਿਆਰੀ ਵਿੱਚ ਆਪਣਾ ਬਣਦਾ ਹਿੱਸਾ ਪਾਉਣ ਅਤੇ ਉਹ ਆਪ ਪਹਿਲਾਂ ਆ ਕੇ ਤਨ-ਮਨ-ਧਨ ਨਾਲ ਸੇਵਾ ਕਰਨ ਅਤੇ ਹੋਰ ਨਵੇਂ ਮੈਂਬਰਾਂ ਨੂੰ ਵੀ ਗੁਰੂ ਘਰ ਵਿੱਖੇ ਹਾਜ਼ਰੀ ਭਰਨ ਲਈ ਉਤਸਾਹਿਤ ਕਰਨ। ਗੁਰੂ ਘਰ ਵਿੱਚ ਹਉਮੈਂ ਦੀ ਕੋਈ ਥਾਂ ਨਹੀ ਹੈ। ਹਰ ਕੰਮ ਨਿਮਰਤਾ ਨਾਲ ਕਰਨਾ ਹੀ ਸਾਡਾ ਫ਼ਰਜ ਹੈ। ਇੱਥੇ ਆਪਣੇ ਮੈਂਬਰਾਂ ਲਈ ਕੋਈ ਵੀ ਵੀ.ਆਈ.ਪੀ. ਸੁਆਗਤ ਨਹੀ ਕੀਤਾ ਜਾਂਦਾ।

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕੋ ਹੋਤ ਪਰਾਪਤ ਸੁਆਮੀ ॥** ਸੇਵਾ ਆਪ ਲੈ ਕੇ ਕਰਨੀ ਚਾਹੀਦੀ ਹੈ।

ਸੋ ਸਾਰੇ ਮੈਂਬਰ ਸਾਹਿਬਾਨਾਂ ਨੂੰ ਫਿਰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਇਹ ਫਾਉਂਡੇਸ਼ਨ ਤੁਹਾਡੀ ਆਪਣੀ ਹੈ ਅਤੇ ਇਸ ਨੂੰ ਸੁਚਾਰੂ ਢੰਗ ਨਾਲ ਸੇਵਾ ਭਾਵ ਅਤੇ ਆਦਰ ਨਾਲ ਆਉਣਾ ਚਾਹੀਦਾ ਹੈ ਤਾਂ ਜੋ ਵਧੀਆ ਮਾਹੌਲ ਬਣਿਆ ਰਹੇ। ਕਿਸੇ ਦੀਆਂ ਤਰੁਟੀਆਂ ਕੱਢਣਾ ਗੁਰੂ ਘਰ ਵਲੋਂ ਨਹੀਂ ਦੱਸਿਆ ਜਾਂਦਾ ਸਗੋਂ ਜੋ ਵੀ ਕੋਈ ਯਥਾ ਸ਼ਕਤੀ ਅਨੁਸਾਰ ਸੇਵਾ ਕਰਦਾ ਹੈ ਉਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਕ੍ਰਿਪਾ ਕਰਕੇ ਇਸ ਬੇਨਤੀ ਨੂੰ ਚੰਗੀ ਸੋਚ ਨਾਲ ਹੀ ਲਿਆ ਜਾਵੇ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਸਮੁੱਚੇ ਬਰਾਦਰੀ ਹਾਲਾਤ ਤੇ ਇਕ ਝਾਤ

ਜਨਵਰੀ 1952 ਵਿੱਚ ਰੰਧੀਰ ਗੌਰਮਿੰਟ ਕਾਲਜ, ਕਪੂਰਥਲਾ ਵਿਖੇ ਆਪਣੇ ਤਬਾਦਲੇ ਤੋਂ ਬਾਅਦ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਹੋਰ ਜ਼ਿਆਦਾ ਨੇੜੇ ਤੋਂ ਵੇਖਣ ਲਈ ਮੈਂ ਕਾਫੀ ਯਤਨਸ਼ੀਲ ਰਿਹਾ। ਮੇਰਾ ਅਨੁਭਵ ਸੀ ਕਿ ਵੀਹਵੀਂ ਸਦੀ ਦੇ ਦੂਜੇ ਅੱਧ ਦੇ ਸ਼ੁਰੂ ਵਿੱਚ ਲੁਬਾਣਾ ਬਰਾਦਰੀ ਦੇ ਆਮ ਲੋਕਾਂ ਦੇ ਹਾਲਾਤ ਕੋਈ ਬਹੁਤੇ ਚੰਗੇ ਜਾਂ ਕਾਬਲੇ-ਫਖਰ ਨਹੀਂ ਕਹੇ ਜਾ ਸਕਦੇ ਸਨ। ਬਰਾਦਰੀ ਦੇ ਧਾਰਮਿਕ, ਸਮਾਜਿਕ ਰਹਿਨੁਮਾ ਅਤੇ ਵਿਦਿਆਦਾਨੀ ਸੰਤ ਪ੍ਰੇਮ ਸਿੰਘ ਜੀ 2 ਜੂਨ, 1950 ਈ. ਨੂੰ ਬੇਗੋਵਾਲ ਵਿਖੇ ਦਿਲ ਦੀ ਹਰਕਤ ਬੰਦ ਹੋਣ ਕਰਕੇ ਸਵਰਗ ਸਿਧਾਰ ਗਏ ਸਨ। ਬਰਾਦਰੀ ਲਾਵਾਰਿਸ ਹੋ ਗਈ ਸੀ। ਇਸ ਸਮੇਂ ਸੰਤ ਜੀ ਦੇ ਸੇਵਕ ਡੇਰਾ ਨਿਵਾਸੀ ਭਗਤ ਸਰਦਾਰ ਸਿੰਘ ਨੂੰ ਦਸਤਾਰ ਬੰਨ੍ਹਾਈ ਗਈ ਅਤੇ ਡੇਰੇ ਦੀ ਦੇਖ-ਭਾਲ ਸੌਂਪੀ ਗਈ। ਬਾਅਦ ਵਿੱਚ 17 ਅਕਤੂਬਰ 1950 ਨੂੰ ਸੰਤ ਭਿੰਡਰਾਂ ਵਾਲਿਆਂ ਨੇ ਬਾਵਾ ਹਰਨਾਮ ਸਿੰਘ ਨੂੰ ਦਸਤਾਰ ਬੰਨ੍ਹਾਈ ਜੋ ਸੰਤ ਜੀ ਦੇ ਛੋਟੇ ਭਾਈ ਸਨ। ਇਸ ਦੇ ਨਾਲ ਹੀ ਸੰਤ ਜੀ ਦੇ ਵਾਰਿਸ ਰਿਸ਼ਤੇਦਾਰਾਂ ਅਤੇ ਗਿਆਨੀ ਹਰਚਰਨ ਸਿੰਘ ਵਾਸੀ ਨੰਗਲ ਲੁਬਾਣਾ ਜੋ ਸੰਤ ਜੀ ਦੇ ਨਿਕਟਵਰਤੀ ਸਨ, ਵਿਚਾਲੇ ਸੰਤਾਂ ਦੇ ਨਾਂ ਤੇ ਡੇਰਾ ਮੁਰਾਲਾ ਦੀ ਲਗਭਗ ਇਕ ਸੌ ਵਿਘੇ ਜ਼ਮੀਨ ਦੀ ਮਲਕੀਅਤ ਬਾਰੇ ਝਗੜਾ ਸ਼ੁਰੂ ਹੋ ਗਿਆ ਕਿ ਜ਼ਮੀਨ ਡੇਰੇ ਦੀ ਹੈ ਕਿ ਵਾਰਿਸਾਂ ਦੀ। ਇਹ ਕੇਸ ਕਈ ਸਾਲ ਚਲਦਾ ਰਿਹਾ। ਇਸ ਨਾਲ ਡੇਰੇ ਦੇ ਸ਼ਰਧਾਲੂਆਂ ਦੀ ਵਿਚਾਰਧਾਰਾ ਵੀ ਦੋ ਭਾਗਾਂ ਵਿੱਚ ਵੰਡੀ ਗਈ ਸੀ ਜੋ ਬਹੁਤ ਚਿੰਤਾਜਨਕ ਸੀ। ਸੰਤ ਜੀ ਦੀ ਬਰਸੀ ਹਰ ਸਾਲ ਬੇਗੋਵਾਲ ਵਿਖੇ ਮਨਾਈ ਜਾਂਦੀ ਸੀ।

**ਸ਼ਰਨਾਰਥੀ ਮੁੜ-ਵਸਾਊ ਯਤਨ ਜਾਰੀ** : ਸੰਤ ਪ੍ਰੇਮ ਸਿੰਘ ਜੀ ਦੀ ਮਾਨਤਾ ਅਤੇ ਰਸੂਖ ਸਦਕਾ ਅਤੇ ਗਿਆਨੀ ਹਰਚਰਨ ਸਿੰਘ ਦੀ ਦੌੜ ਭੱਜ ਦੇ ਫਲਸਰੂਪ ਸਰਕਾਰ ਵੱਲੋਂ ਇਕ ਵਿਸ਼ੇਸ਼ ਸਕੀਮ ਅਧੀਨ ਪੱਛਮੀ ਪੰਜਾਬ ਤੋਂ ਉੱਠ ਕੇ ਆਏ ਲੁਬਾਣਾ ਬਰਾਦਰੀ ਦੀ ਆਬਾਦੀ ਦੇ ਵੱਡੇ ਹਿੱਸੇ ਨੂੰ ਉਨ੍ਹਾਂ ਦੀ ਮਨਮਰਜ਼ੀ ਅਨੁਸਾਰ ਦਸੂਹਾ ਤਹਿਸੀਲ ਦੇ ਦੱਖਣ-ਪੱਛਮੀ ਭਾਗ ਵਿੱਚ ਅਤੇ ਜ਼ਿਲ੍ਹਾ ਕਪੂਰਥਲਾ ਦੇ ਨਾਲ ਲੱਗਦੇ ਇਲਾਕੇ ਵਿੱਚ ਮੁੜ ਤੋਂ ਵਸਾ ਦਿੱਤਾ ਗਿਆ ਸੀ। ਕੁਝ ਲੋਕ ਫਿਰ ਵੀ ਲੁਧਿਆਣਾ, ਪਟਿਆਲਾ, ਅੰਬਾਲਾ, ਕਰਨਾਲ ਆਦਿ ਜ਼ਿਲ੍ਹਿਆਂ ਵਿੱਚ ਹੀ ਪੱਕੇ ਤੌਰ 'ਤੇ ਆਬਾਦ ਹੋ ਗਏ ਸਨ। ਆਪਣੀ ਪਹਿਲਾਂ ਕੱਚੀ ਅਤੇ ਫਿਰ ਪੱਕੀ ਅਲਾਟਮੈਂਟ ਤੋਂ ਬਾਅਦ ਪਾਕਿਸਤਾਨ ਤੋਂ ਆਏ ਇਹ ਜ਼ਿਮੀਦਾਰ ਭਰਾ ਅਜੇ ਤੱਕ ਆਪਣੇ ਨਵੇਂ ਮਿਲੇ ਖੇਤਾਂ ਦੇ ਵੱਟ ਬੰਨ੍ਹੇ ਨਵੇਂ ਸਿਰਿਓਂ ਪੱਕੇ ਕਰ ਰਹੇ ਸਨ ਅਤੇ ਬੰਜਰ ਪਏ ਖੇਤਾਂ ਨੂੰ ਇਕ ਵਾਰ ਫਿਰ ਵਾਹੀ ਯੋਗ ਬਣਾਉਣ ਵਿੱਚ ਲੱਗੇ ਹੋਏ ਸਨ। ਉਸ ਸਮੇਂ ਬਿਆਸ ਦਰਿਆ ਦੇ ਪਾਣੀ ਨੂੰ ਕੰਟਰੋਲ ਕਰਨ ਲਈ ਅਜੇ ਪੌਂਗ ਡੈਮ ਨਹੀਂ ਸੀ ਬਣਿਆ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਟਾਹਲੀ ਤੋਂ ਅੱਗੇ ਇਸ ਦਰਿਆ ਤੇ ਕੋਈ ਉੱਚੀ ਧੁੱਸੀ ਵੀ ਨਹੀਂ ਸੀ ਬਣੀ। ਇਸ ਕਰਕੇ ਤਹਿਸੀਲ ਦਸੂਹਾ ਅਤੇ ਕਪੂਰਥਲਾ ਜ਼ਿਲ੍ਹੇ ਦਾ ਇਹ ਬੇਟ ਦਾ ਇਲਾਕਾ ਹਰ ਸਾਲ ਦਰਿਆ ਬਿਆਸ ਵਿੱਚ ਆਏ ਹੜ੍ਹਾਂ ਦੀ ਮਾਰ ਦਾ ਸ਼ਿਕਾਰ ਹੋ ਜਾਂਦਾ ਸੀ। ਇਲਾਕੇ ਵਿੱਚ ਝੋਨੇ ਦੀ ਕਾਸ਼ਤ ਨੇ ਵੀ ਅਜੇ ਜ਼ੋਰ ਨਹੀਂ ਸੀ ਫੜਿਆ। ਮੱਕੀ, ਜਵਾਰ, ਬਾਜਰੇ ਅਤੇ ਮਾੜੀ ਮੋਟੀ ਕਮਾਦ ਦੀ ਫਸਲ ਹੁੰਦੀ ਸੀ। ਲੋਕਾਂ ਵਿੱਚ ਆਪਾ ਧਾਪੀ ਅਤੇ ਬੇ-ਚੈਨੀ ਦਾ ਦੌਰ ਦੌਰਾ ਸੀ। ਕਈ ਨਵੇਂ ਅਲਾਟੀ ਦਿਲ ਛੱਡ ਗਏ ਅਤੇ ਇਸ ਇਲਾਕੇ ਨੂੰ ਖੈਰ-ਬਾਦ ਕਹਿ ਕੇ ਹਰਿਆਨੇ ਦੇ ਭੇਵਾ, ਗੂਹਲਾ ਅਤੇ ਨਰੈਣਗੜ੍ਹ ਇਲਾਕੇ ਵਿੱਚ ਜਾ ਵੱਸੇ।

ਆਵਾਜਾਈ ਸਾਧਨ ਬੜੇ ਸੀਮਤ ਸਨ। ਕਪੂਰਥਲਾ ਤੋਂ ਭੁਲੱਥ ਤਕ ਇਕ ਟੁੱਟੀ-ਫੁੱਟੀ ਸੜਕ ਜਾਂਦੀ ਸੀ। ਮੈਨੂੰ ਯਾਦ ਹੈ ਕਿ ਅਕਤੂਬਰ 1954 ਵਿੱਚ ਡੇਰਾ ਬਾਬਾ ਕਰਮ ਸਿੰਘ ਮਕਸੂਦਪੁਰ ਵਿਖੇ ਹੋਏ ਇਕ ਦੀਵਾਨ ਵਿੱਚ ਨਡਾਲੇ ਤੋਂ ਸੈਂਤਪੁਰ, ਡਾਲਾ, ਖਲੀਲ, ਮਕਸੂਦਪੁਰ, ਤਲਵੰਡੀ, ਨੰਗਲ ਲੁਬਾਣਾ, ਮਿਆਨੀ ਭੱਗੂਪੁਰੀਆਂ ਤੋਂ ਬੇਗੋਵਾਲ ਤੱਕ ਪੱਕੀ ਸੜਕ ਬਨਾਉਣ ਅਤੇ ਦਰਿਆ ਬਿਆਸ ਤੇ ਧੁੱਸੀ ਬਨਾਉਣ ਲਈ ਸਰਬਸੰਮਤੀ ਨਾਲ ਇਕ ਮਤਾ ਪਾਸ ਕੀਤਾ ਗਿਆ ਸੀ। ਨਡਾਲੇ ਤੋਂ ਬੇਗੋਵਾਲ ਤੱਕ ਦਾ ਬਹੁਤਾ ਰਕਬਾ ਬੇ-ਆਬਾਦ ਦਬ ਅਤੇ ਸਰਕੜੇ ਥੱਲੇ ਸੀ ਅਤੇ ਵਿੱਚੋਂ ਆਉਣ ਜਾਣ ਲਈ ਕਈ ਥਾਈਂ ਕੇਵਲ ਪੱਗ-ਡੰਡੀਆਂ ਹੀ ਸਨ। ਪ੍ਰਿੰਸ ਬੱਸ ਸਰਵਿਸ ਦੀਆਂ ਗਿਣਤੀ ਦੀਆਂ ਬੱਸਾਂ ਵਿੱਚੋਂ ਨਡਾਲੇ ਜਾਣ ਲਈ ਆਖਰੀ ਬਸ ਕਪੂਰਥਲੇ ਤੋਂ ਸ਼ਾਮ ਪੰਜ ਵਜੇ ਚਲ ਪੈਂਦੀ ਸੀ।

**ਬੱਚਿਆਂ ਵਿੱਚ ਵਿਦਿਅਕ ਘਾਟ** : ਪਾਕਿਸਤਾਨ ਤੋਂ ਆਏ ਲੋਕਾਂ ਦਾ ਧਿਆਨ ਜ਼ਿਆਦਾਤਰ ਆਪਣੇ ਆਪ ਨੂੰ ਮੁੜ ਆਬਾਦ ਕਰਨ ਵੱਲ ਲੱਗਿਆ ਹੋਇਆ ਸੀ। ਸਕੂਲ ਜਾਣ ਵਾਲੀ ਆਯੂ ਦੇ ਬੱਚੇ ਡੰਗਰ ਚਾਰਦੇ ਅਤੇ ਖੇਤੀ-ਬਾੜੀ ਵਿੱਚ ਆਪਣੇ ਮਾਪਿਆਂ ਦਾ ਹੱਥ ਵਟਾਂਦੇ। ਪਿੰਡਾਂ ਵਿੱਚ ਸਕੂਲਾਂ ਦੀ ਵੀ ਘਾਟ ਸੀ। ਪਾਕਿਸਤਾਨ ਵਿੱਚ ਸੰਤ ਪ੍ਰੇਮ ਸਿੰਘ ਜੀ ਵੱਲੋਂ ਪਿੰਡ ਟਾਂਡਾ (ਗੁਜਰਾਤ), ਬਾਬਕ ਵਾਲ, ਖੋੜੀ ਦੁਨਾਂ ਸਿੰਘ ਵਿੱਚ ਖੋਲ੍ਹੇ ਗਏ ਹਾਈ ਸਕੂਲ ਏਧਰ ਆ ਕੇ ਹੌਲੀ-ਹੌਲੀ ਸ਼ੁਰੂ ਹੋ ਰਹੇ ਸਨ। ਬਾਅਦ ਵਿੱਚ ਇਹ ਸਕੂਲ ਨਵੀਆਂ ਪ੍ਰਬੰਧਕ ਕਮੇਟੀਆਂ ਅਧੀਨ ਕਰਮਵਾਰ ਮਿਆਨੀ ਅਫਗਾਨਾਂ, ਮੁਕੇਰੀਆਂ ਅਤੇ ਬੇਗੋਵਾਲ ਵਿਖੇ ਖੁੱਲ੍ਹ ਗਏ ਸਨ ਅਤੇ ਇਨ੍ਹਾਂ ਦੀ ਦੇਖ ਰੇਖ ਕਰਮਵਾਰ ਚੌਧਰੀ ਲੱਖੀ ਸਿੰਘ, ਹੈੱਡਮਾਸਟਰ ਸੰਤ ਸਿੰਘ ਸਮੁੰਦਰੀ ਅਤੇ ਬਾਵਾ ਹਰਨਾਮ ਸਿੰਘ ਹੁਰਾਂ ਸੰਭਾਲ ਲਈ ਸੀ। ਸੰਨ 1921 ਈ ਦੀ ਮਰਦਮ ਸ਼ੁਮਾਰੀ ਅਨੁਸਾਰ ਕੇਵਲ 3 ਪ੍ਰਤੀਸ਼ਤ ਲੁਬਾਣੇ ਪੜ੍ਹ ਲਿਖ ਸਕਦੇ ਸਨ। ਬਾਅਦ ਵਿੱਚ ਇਹ ਫੀਸਦੀ ਕੁਝ ਵੱਧ ਗਈ ਹੋਵੇਗੀ। ਜਿਸ ਕਾਰਨ ਵੱਡੀ ਗਿਣਤੀ ਵਿੱਚ ਲੁਬਾਣੇ ਸਿੱਖ ਫੌਜ ਵਿੱਚ ਭਰਤੀ ਹੋਏ ਅਤੇ ਆਪਣੀਆਂ ਬਹਾਦਰੀਆਂ ਸਦਕਾ ਅਫਸਰ ਬਣੇ।

(ਚਲਦਾ)

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

## ਸ਼ੇਅਰ

**1. ਰਲ ਮਜਲਿਸ ਕੀਤੀ ਪਰੀਆਂ, ਤੇ ਭਰਿਆ ਪਿਆ ਪੰਡਾਲ।**
**2. ਚੱਲ ਛੱਲੇ ਕੋਲੇ ਪਹੁੰਚਣਾ, ਤੇ ਤੁਰੀਆਂ ਤਿੱਖੀ ਚਾਲ।**
**3. ਜਿਹੜੀ ਛੱਲੇ ਨੂੰ ਪਹਿਲਾਂ ਤੱਕਸੀ, ਉਹ ਬਣੂ ਪਰੀਆਂ ਦੀ ਰਾਣੀ।**
**4. ਗੱਲਾਂ ਛੱਲੇ ਨਾਲ ਉਹ ਕਰਸੀ, ਨਾ ਬਾਤ ਹੋਰ ਨੇ ਪਾਨੀ।**
**5. ਪਹੁੰਚੀਆਂ ਛੱਲੇ ਕੋਲ ਸੀ ਪਰੀਆਂ, ਕੀਤੀ ਵਾਰੋਵਾਰ ਸਲਾਮ।**
**6. ਤੇਰਾ ਹੁਕਮ ਅਸਾਂ ਦੀ ਬੇਨਤੀ, 'ਲਹਿਰੀ' ਹੋਇਆ ਆਣ ਗੁਲਾਮ।**

**ਵਿਸਥਾਰ** - ਆਕਾਸ਼ ਤੋ ਆਈਆਂ ਪਰੀਆਂ ਨੇ ਛੱਲੇ ਨਾਲ ਦਿਲ ਭਰ ਕੇ ਗੱਲਾਂ ਕੀਤੀਆਂ। ਪਰੀਆਂ ਨੇ ਕਿਹਾ, "ਛੱਲਿਆ ਤੂੰ ਸਾਡੇ ਦੇਸ਼ ਚੱਲ, ਤੇਰੀ ਖਿਦਮਤ ਵਿੱਚ ਹਰ ਵਕਤ ਅਸੀਂ ਦੱਸ ਪਰੀਆਂ ਹਾਜ਼ਿਰ ਨਾਜ਼ਰ ਰਹਿ ਕੇ ਤੇਰਾ ਪਾਲਣ ਪੋਸ਼ਣ ਕਰਾਂਗੀਆਂ ਅਤੇ ਜਿਸ ਵੀ ਸ਼ੈਅ ਦੀ ਤੂੰ ਮੰਗ ਕਰੇਗਾ ਉਹ ਤੇਰੇ ਹਾਜ਼ਿਰ ਕੀਤੀ ਜਾਵੇਗੀ।" ਪਰੀਆਂ ਤੇ ਛੱਲੇ ਦੇ ਸੁਆਲ ਜੁਆਬ ਇਸ ਤਰ੍ਹਾਂ ਹੋ ਰਹੇ ਸਨ।

## ਸ਼ੇਅਰ

**ਪਰੀਆਂ - ਚੱਲ ਤੂੰ ਛੱਲਿਆ ਦੇਸ਼ ਅਸਾਡੇ, ਜਿੱਥੇ ਬਾਗ ਬਗੀਚੇ।**
**ਨਵੇਂ ਵਿਛਾਈਏ ਨਿੱਤ ਰੋਜ਼ ਨੂੰ, ਤੇਰੇ ਥੱਲ੍ਹੇ ਗਲੀਚੇ।**
**ਛੱਲਾ - ਬੜਾ ਫਾਸਲਾ ਤੁਹਾਡੇ ਘਰ ਤੋਂ, ਮੇਰੇ ਘਰ ਦੇ ਵਿੱਚ।**
**ਮਹਿਲਾਂ ਵਿੱਚ ਦੱਸ ਕੌਣ ਲਗਾਉਂਦਾ, ਕੱਚੀ ਕੁੱਲ੍ਹੀ ਦੀ ਇੱਟ।**
**ਪਰੀਆਂ - ਹਰ ਵਕਤ ਸੁਗੰਧਾਂ ਵੰਡਦਾ, ਮੁਲਕ ਸਾਡੇ ਦਾ ਵਿਹੜਾ।**
**ਨਾ ਕੋਈ ਟੋਏ ਨਾ ਕੋਈ ਟਿੱਬੇ, ਨਾ ਰਹਿੰਦਾ ਕਦੇ ਹਨੇਰਾ।**
**ਛੱਲਾ - ਜੰਡ ਕਰੀਰਾਂ ਟੋਏ ਟਿੱਬੇ, ਸਾਡੇ ਇਹ ਅੱਲ੍ਹਾ ਦੀ ਬਰਕਤ।**
**ਅੰਮੀ ਅੱਬਾ ਤੋਂ ਮਹਿਕ ਨਾ ਵੱਡੀ, ਢੂੰਡ ਲਓ ਵਿੱਚ ਖਲਕਤ।**
**ਪਰੀਆਂ - ਦਿਲ ਸਾਡਾ ਨਾ ਤੋੜ ਤੂੰ ਛਲਿਆ, ਰੱਖ ਕੇ ਆਈਆਂ ਆਸ।**
**ਮਿੰਨਤ ਤੇਰੀ ਅਸੀਂ ਕਰਦੀਆਂ, ਨਾ ਸਾਨੂੰ ਕਰੀਂ ਨਿਰਾਸ਼।**
**ਛੱਲਾ - ਘਰ ਕੋਲ ਘਰ ਬਣਾ ਦੇਈਏ, ਤੁਸੀਂ ਰਹਿ ਜਾਉ ਸਾਡੇ ਕੋਲ।**
**ਕਦਰ ਕਰੇਂਦਾ ਦਿਲ 'ਚ 'ਲਹਿਰੀ' ਤੇਰੇ ਮਿੱਠੜੇ ਲਗਦੇ ਬੋਲ।**

**ਵਿਸਥਾਰ** - ਛੱਲੇ ਦੇ ਰੂਪ ਦੀ ਚਰਚਾ ਅਸਮਾਨਾਂ ਤੱਕ ਹੋਣ ਲੱਗ ਪਈ। ਜੱਲ੍ਹੇ ਨੇ ਆਪਣੇ ਪੁੱਤਰ ਛੱਲੇ ਲਈ ਨਵਾਬਾਂ ਤੋ ਵੀ ਸੋਹਣਾ ਲਾਲ ਰੰਗ ਦਾ ਸੂਟ ਲਾਹੌਰ ਸ਼ਹਿਰ ਤੋਂ ਲੈ ਕੇ ਸਿਲਾਈ ਕਰਨ ਲਈ ਦਰਜੀ ਨੂੰ ਦੇ ਦਿੱਤਾ ਅਤੇ ਆਪ ਅੱਗੇ ਕਸੂਰ ਸ਼ਹਿਰ ਵਿੱਚੋਂ ਛੱਲੇ ਲਈ ਜੁੱਤੀ ਲੈਣ ਚਲਾ ਗਿਆ। ਜੱਲ੍ਹਾ ਛੱਲੇ ਦਾ ਸੂਟ ਤੇ ਜੁੱਤੀ ਲੈ ਕੇ ਘਰ ਆਇਆ ਤਾਂ ਛੱਲੇ ਨੂੰ ਪਹਿਨਾਂ ਦਿੱਤੇ ਛੱਲਾ ਸੋਹਣਾ ਸੂਟ ਅਤੇ ਜੁੱਤੀ ਪਾ ਕੇ ਬਹੁਤ ਫਬਦਾ ਸੀ।

## ਸ਼ੇਅਰ

**1. ਲਾਲ ਸੂਟ ਸੁਆ ਤਾ ਛੱਲੇ ਨੂੰ, ਇੱਕ ਕਮੀਜ ਤੇ ਸਲਵਾਰ।**
**2. ਗਲ ਵਿੱਚ ਪਾਈ ਤਬੀਤੜੀ, ਤੇ ਕਸੂਰੀ ਜੁੱਤੀ ਤਿੱਲੇਦਾਰ।**

**3. ਰਾਹੀਂ ਪਾਂਧੀ ਮੁੜ ਮੁੜ ਦੇਖਦਾ, ਛੱਲੇ ਨੂੰ ਵਾਰੋ ਵਾਰ।**

**4. ਇੱਕ ਨਜ਼ੂਮੀ ਜਾ ਕੇ ਦੱਸਿਆ, ਵਿੱਚ ਲਾਹੌਰ ਦੇ ਦਰਬਾਰ।**

**5. ਕਿਹੜੀ ਮਾਂ ਬਸ਼ਿੰਦਾ ਜੰਮਿਆ, ਵੇਖਣ ਤੁਰ ਪਿਆ ਸੂਬੇਦਾਰ।**

**6. ਚੰਨ ਤੋਂ ਵੀ ਸੋਹਣਾ ਛੱਲਾ, 'ਲਹਿਰੀ' ਸੱਚ ਤੱਕਿਆ ਅੱਖਾਂ ਲਾਲ।**

**ਵਿਸਥਾਰ** - ਜਦੋਂ ਲਾਹੌਰ ਦੇ ਸੂਬੇਦਾਰ ਨੇ ਛੱਲੇ ਨੂੰ ਵੇਖਿਆ ਤਾਂ ਉਹ ਹੈਰਾਨ ਰਹਿ ਗਿਆ ਕਿ ਇੱਕ ਛੋਟਾ ਜਿਹਾ ਬੱਚਾ ਐਨਾ ਸੋਹਣਾ ਅਤੇ ਸਿਆਣਾ ਹੈ। ਇਹ ਵੱਡਾ ਹੋ ਕੇ ਜ਼ਰੂਰ ਕੋਈ ਮਹਾਨ ਪੁਰਸ਼ ਬਣੇਗਾ। ਲਾਹੌਰ ਦਾ ਸੂਬੇਦਾਰ ਜੱਲ੍ਹੇ ਨੂੰ ਕਹਿੰਦਾ, "ਜੱਲ੍ਹਿਆ ਤੇਰਾ ਛੱਲਾ ਬਹੁਤ ਹੀ ਸਿਆਣਾ ਤੇ ਸੋਹਣਾ ਏ। ਇੰਜ ਲਗਦਾ ਏ ਕਿ ਜਿਵੇਂ ਸਾਨੂੰ ਮੱਤਾਂ ਦੇ ਰਿਹਾ ਹੋਵੇ।

## ਸ਼ੇਅਰ

**1. ਚਾਰ ਵਰ੍ਹੇਂ ਦਾ ਹੋਇਆ ਛੱਲਾ, ਕਰਦਾ ਗੱਲ ਸਿਆਣੀ।**

**2. ਮੱਤਾਂ ਵੱਡਿਆ ਤਾਂਈ ਦੇਂਵਦਾ, ਸਭ ਕਰਕੇ ਸੱਚ ਤੂੰ ਜਾਣੀ।**

**3. ਰੂਹ ਪਿਆਰੀ ਮੌਲ੍ਹਾ ਘੱਲੀ, ਸਾਰੇ ਵੇਖਣ ਉਹਦੇ ਹਾਣੀ।**

**4. ਸੱਚ ਸੋਚ ਕੇ ਲਿਖਿਆ 'ਲਹਿਰੀ', ਭਾਵੇਂ ਗੱਲ ਹੈ ਬਹੁਤ ਪੁਰਾਣੀ।**

**ਵਿਸਥਾਰ** - ਛੱਲੇ ਦੀ ਅੰਮੀ ਜਦੋਂ ਚੁੱਲ੍ਹੇ ਤੇ ਰੋਟੀਆਂ ਪਕਾਉਣ ਬੈਠਦੀ ਤਾਂ ਛੱਲਾ ਵੀ ਕੋਲ ਆ ਕੇ ਪੀੜੀ ਤੇ ਬੈਠ ਜਾਂਦਾ ਤਾਂ ਪੁੱਛਦਾ, "ਅੰਮੀ ਆਪਾਂ ਇਹ ਰੋਟੀਆਂ ਕਿਉਂ ਪਕਾਉਂਦੇ ਹਾਂ। ਮਾਂ ਨੇ ਕਿਹਾ, "ਛੱਲਿਆ ਜਦੋਂ ਸਾਨੂੰ ਭੁੱਖ ਲੱਗਦੀ ਹੈ ਨਾ ਤਾਂ ਅਸੀਂ ਰੋਟੀ ਖਾ ਕੇ ਆਪਣੇ ਪੇਟ ਦੀ ਭੁੱਖ ਮਿਟਾ ਲੈਂਦੇ ਹਾਂ ਤੇ ਸ਼ਰੀਰ ਵਿੱਚ ਤਾਕਤ ਆ ਜਾਂਦੀ ਹੈ।" ਛੱਲੇ ਨੇ ਆਖਿਆ।

## ਸ਼ੇਅਰ

**1. ਚਿੱੜ ਦੀ ਖਾਤਰ ਕਰਨਾ ਪੈਂਦਾ, ਦੁਨੀਆਂ ਤੇ ਸਭ ਆਏ ਨੂੰ।**

**2. ਮਾਂ ਦੀ ਝੋਲੀ ਭਾਵੇਂ ਬੱਚਾ, ਦੁੱਧ ਮਿਲਦਾ ਮੂੰਹ ਹਿਲਾਏ ਨੂੰ।**

**3. ਸਭ ਦੀ ਚੋਗ ਖਿਲਾਰੀ ਮੌਲਾ, ਭਾਵੇਂ ਪੱਥਰਾਂ ਵਿੱਚ ਲੁਕਾਏ ਨੂੰ।**

**4. ਚਿੱੜ ਦੀ ਭੁੱਖ ਨਾ ਲੰਬੀ ਮੁੱਕਦੀ, ਦਿਨੇ ਮੰਗੇ ਰਾਤੀ ਖਾਏ ਨੂੰ।**

**ਵਿਸਥਾਰ** - ਅੰਮੀ ਇਨ੍ਹਾਂ ਚਿੜੀਆਂ ਨੂੰ ਵੀ ਭੁੱਖ ਲਗਦੀ ਏ। ਮਾਂ ਨੇ ਕਿਹਾ, "ਹਾਂ ਛੱਲਿਆ, ਹਰ ਜੀਵ ਜੰਤੂ, ਪਸ਼ੂ-ਪੰਛੀ ਨੂੰ ਭੁੱਖ ਲਗਦੀ ਹੈ।" ਛੱਲਾ ਪੱਕੀਆਂ ਹੋਈਆਂ ਰੋਟੀਆਂ ਵਿੱਚੋਂ ਦੋ ਰੋਟੀਆਂ ਚੁੱਕ ਕੇ ਚਿੜੀਆਂ ਨੂੰ ਭੋਰ-ਭੋਰ ਕੇ ਪਾਉਣ ਲੱਗਾ। ਤਾਂ ਛੱਲੇ ਦੀ ਮਾਂ ਦੇਖ ਕੇ ਬਹੁਤ ਖੁਸ਼ ਹੋਈ ਤੇ ਮੁੱਖ 'ਚੋਂ ਕੀ ਬਿਆਨ ਕਰਦੀ ਸੀ।

## ਸ਼ੇਅਰ

**1. ਛੱਲਿਆ ਸ਼ੌਕ ਨਿਆਰੇ ਤੇਰੇ, ਪਹਿਲਾਂ ਕਦੇ ਨਾ ਪੰਛੀ ਆਉਂਦੇ।**

**2. ਜਦੋਂ ਦਾ ਤੂੰ ਘਰ ਵਿੱਚ ਆਇਆ, ਚੋਗਾ ਪੰਛੀ ਆਣ ਵੰਡਾਉਂਦੇ।**

**3. ਰੁੱਖਾਂ, ਛੱਤਾਂ ਵਿੱਚ ਸਨ ਖੁੱਡਾਂ ਖਾਲੀ, ਹੁਣ ਵੇਖ ਆਲ੍ਹਣੇ ਪਾਉਂਦੇ।**

**4. ਅੰਮ੍ਰਿਤ ਵੇਲਾ ਹੋਊ ਛੱਲਿਆ, ਇਹ ਸਾਨੂੰ ਆਣ ਜਗਾਉਂਦੇ।**

**5. ਕਈ ਰੰਗਾਂ ਵਿੱਚ ਰੰਗੇ ਪੰਛੀ, ਨਿਤ ਵੇਖੀ ਗੀਤ ਸੁਣਾਉਂਦੇ।**

**6. 'ਲਹਿਰੀ' ਲਹਿਰ ਜਦੋਂ ਹੈ ਬਣਦੀ, ਉਡਾਰੀ ਵਿੱਚ ਆਸਮਾਨੀ ਲਾਉਂਦੇ।**

**ਵਿਸਥਾਰ** - ਛੱਲੇ ਦੀ ਮਾਂ ਨੇ ਛੱਲੇ ਦਾ ਪੰਛੀਆਂ ਨਾਲ ਪਿਆਰ ਵੇਖ ਕੇ ਰੋਟੀਆਂ ਦੇ ਨਾਲ ਸਾਵੀ ਘਿਉ ਪਾ ਕੇ ਚੂਰੀ ਵੀ ਬਣਾ ਦਿੱਤੀ। ਘਰ ਉੱਤੋਂ ਲੰਘਦੀ ਤੋਤਿਆਂ ਦੀ ਡਾਰ ਵੀ ਛੱਲੇ ਦੇ ਵਿਹੜੇ ਵਿੱਚ ਆਣ ਉੱਤਰੀ ਤੇ ਥਾਲੀ ਵਿੱਚ ਪਾਈ ਛੱਲੇ ਲਈ ਚੂਰੀ ਤੋਤੇ ਖਾਣ ਲੱਗੇ। ਛੱਲਾ ਹੱਸਦਾ ਹੋਇਆ ਆਪਣੀ ਅੰਮੀ ਨੂੰ ਕਹਿੰਦਾ, "ਅੰਮੀ ਇਹ ਕੌਣ ਹਨ।" ਛੱਲੇ ਦੀ ਅੰਮੀ ਨੇ ਕਿਹਾ, "ਛੱਲਿਆ ਇਹ ਬਾਗਾਂ ਦੀ ਸ਼ਾਨ ਹਨ, ਤੋਤੇ। ਇਹ ਗੱਲਾਂ ਵੀ ਕਰਦੇ ਹਨ ਛੱਲਿਆ।" ਛੱਲੇ ਨੇ ਤੋਤਿਆਂ ਨੂੰ ਕਿਹਾ, "ਮੇਰਾ ਨਾਮ ਛੱਲਾ ਹੈ, ਤੁਸੀਂ ਮੇਰੇ ਨਾਲ ਗੱਲਾਂ ਕਰੋ।"

(ਚਲਦਾ)

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਖੋਜੀ** : ਵਿਚਾਰੀ ਅਪਾਹਜ!

**ਭਿਖਾਰੀ** : ਮੈਂ ਤਾਂ ਲੱਤ ਤੋਂ ਅਪਾਹਜ ਹਾਂ ਪਰ ਆਹ ਕੁੜੀ ਦਾ ਰੋਮ ਰੋਮ ਪੂਰੀ ਤਰ੍ਹਾਂ ਅਪਾਹਜ ਹੋ ਗਿਐ। ਰੱਬ ਭਲਾ ਕਰੇ ਇਹਦਾ!

**ਖੋਜੀ** : ਤੈਨੂੰ ਖੈਰ ਜੁ ਪਾ ਦਿੱਤੀ ਏ, ਭਲਾ ਤਾਂ ਮੰਗੇਗਾ ਹੀ।

**ਭਿਖਾਰੀ** : ਸਾਡੇ ਕਹਿਣ ਨਾਲ ਕਿਹੜਾ ਰੱਬ ਨੇ ਉਹਦਾ ਭਲਾ ਕਰ ਦੇਣੈਂ। ਇਹ ਤਾਂ ਜ਼ਿੰਦਗੀ ਦੇ ਰੰਗ ਨੇ, ਕਦੇ ਰੱਜ ਕੇ ਖਾਧਾ ਤੇ ਕਦੇ ਭੁੱਖੇ ਭਾਣੇ ਰਾਤ ਉਸਲਵੱਟੇ ਲੈਂਦਿਆਂ ਕੱਢ ਤੀ। ਭਲਿਆ ਲੋਕਾ! ਤੇਰੇ ਪਾਸ ਹੈ ਕੋਈ ਸਿੱਕਾ?

**ਖੋਜੀ** : ਸਾਡੇ ਪਾਸ ਮਾਇਆ ਨਹੀਂ ਆਉਂਦੀ ਤੇ ਨਾਲੇ ਮੈਨੂੰ ਮਾਇਆ ਨਾਲ ਜ਼ਿਆਦਾ ਮੋਹ ਵੀ ਨਹੀਂ।

**ਭਿਖਾਰੀ** : ਹੋਰ ਕਿਹਦੇ ਨਾਲ ਮੋਹ ਵੇ?

**ਖੋਜੀ** : ਆਪਣੀਆਂ ਖੋਜਾਂ ਨਾਲ। ਮੇਰਾ ਕੰਮ ਹੈ ਗੁੱਝੇ ਭੇਤਾਂ ਦੀ ਖੋਜ ਕਰਨਾ। ਮੈਂ ਇਹ ਲੱਭਣ ਦੀ ਕੋਸ਼ਿਸ਼ ਕਰ ਰਿਹਾਂ ਅੱਜ ਦੇ ਮਨੁੱਖ ਦੀ ਜ਼ਿੰਦਗੀ ਮਸ਼ੀਨ ਕਿਉਂ ਬਣ ਗਈ ਏ? ਉਸ ਦੀ ਜ਼ਿੰਦਗੀ ਵਿਚ ਪੱਤਝੜ ਕਿਉਂ ਰਹਿੰਦੀ ਏ? ਮਨੁੱਖ ਨੂੰ ਫੁੱਲਾਂ ਦੀ ਥਾਂ ਕੰਡੇ ਬੀਜਣ ਦਾ ਸ਼ੌਂਕ ਕਿਉਂ ਹੋ ਗਿਐ? ਸਭ ਤੋਂ ਵੱਡੀ ਗੱਲ ਮਨੁੱਖ ਦਾ ਵਿਅਕਤੀਤਵ ਅਪਾਹਜ ਕਿਉਂ ਹੋ ਗਿਐ?

**ਭਿਖਾਰੀ** : ਤੇਰੀਆਂ ਗੱਲਾਂ ਦੀ ਧੁੰਦਲੀ-ਧੁੰਦਲੀ ਸਮਝ ਆਉਣੀ ਸ਼ੁਰੂ ਹੋ ਗਈ ਏ, ਮੇਰਾ ਸੁਨਣ ਨੂੰ ਦਿਲ ਕਰਦੈ।
(ਇੱਕ ਨੌਜਵਾਨ ਆਉਂਦਾ ਹੈ)
ਖੋਜੀ ਭਰਾਵਾ, ਇਕ ਨੌਜਵਾਨ ਬਾਊ ਆਇਐ। ਮੈਨੂੰ ਭੁੱਖ ਨੇ ਬਹੁਤ ਸਤਾਇਐ, ਹੋ ਸਕਦੈ ਇਹ ਖੈਰ ਪਾ ਹੀ ਦੇਵੇ।

**ਖੋਜੀ** : ਵੇਖ ਲੈ ਹਿੰਮਤ ਕਰਕੇ, ਸ਼ੈਦ ਜਾਂਦੈ ਚੋਰ ਦੀ ਲੰਗੋਟੀ ਹੀ ਕਾਬੂ ਆ ਜਾਏ।

**ਭਿਖਾਰੀ** : ਇਹ ਚੋਰ ਜਾਪਦਾ ਏ?

**ਖੋਜੀ** : ਤੈਨੂੰ ਤਾਂ ਆਹ ਇਸ ਸਮੇਂ ਸਾਧ ਈ ਨਜ਼ਰ ਆਉਣਾ ਚਾਹੀਦੈ, ਭੁੱਖ ਜੁ ਤੈਨੂੰ ਸਤਾ ਰਹੀ ਏ।

**ਭਿਖਾਰੀ** : ਬਾਊ ਜੀ, ਜੀਂਦੇ ਰਹੋ, ਰੱਬ ਤਰੱਕੀਆਂ ਕਰੇ, ਖੁਸ਼ੀਆਂ ਮਾਣੋ, ਜਵਾਨੀਆਂ ਮਾਣੋ। (ਬਾਊ ਕੋਈ ਜਵਾਬ ਨਹੀਂ ਦਿੰਦਾ)।

**ਖੋਜੀ** : ਜਵਾਨੀਆਂ ਤਾਂ ਜਵਾਨ ਮਾਣਦੇ ਨੇ, ਇਹ ਤਾਂ ਪਹਿਲਾਂ ਹੀ ਜਵਾਨੀ ਦੀ ਹੱਦ ਟੱਪ ਗਿਐ।

**ਭਿਖਾਰੀ** : ਮੈਨੂੰ ਤਾਂ ਨੌਜਵਾਨ ਈ ਜੱਪਦੈ, ਇਹਦੇ ਸਿਰ ਦੇ ਵਾਲ ਕਾਲੇ ਨੇ।

**ਖੋਜੀ** : ਕਾਲੇ ਨਹੀਂ, ਚਿੱਟਿਆਂ ਨੂੰ ਕਾਲੇ ਕੀਤਾ ਗਿਐ। ਸਿਰ ਵਿਚਕਰਾਲੀ ਗੰਜ ਕਰਕੇ ਜਵਾਨੀ ਚੜ੍ਹਿਆ ਜਾਪਦੈ।

**ਭਿਖਾਰੀ** : ਗੰਜੇ ਬੰਦੇ ਕੋਲ ਪੈਸੇ ਬਹੁਤ ਹੁੰਦੇ ਨੇ, ਮੈਨੂੰ ਵੀ ਦੋ ਰੁਪਏ ਦੇ ਦੇਵੇ ਤਾਂ ਕਿ ਮੈਂ ਭੁੱਖ ਮਿਟਾ ਸਕਾਂ।

**ਖੋਜੀ** : ਮਾਰ ਟਰਾਈ।

**ਭਿਖਾਰੀ** : ਬਾਊ ਜੀ, ਰੱਬ ਦੇ ਵਾਸਤੇ ਦੋ ਰੁਪਏ ਦੇ ਦਿਉ, ਭੁੱਖ ਲੱਗੀ ਏ.....

**ਬਾਊ** : (ਖੁਸ਼ਕ ਲਹਿਜੇ ਵਿਚ) ਕਿਥੋਂ ਮੱਥੇ ਲੱਗ ਗਿਐ ਸਵੇਰੇ ਸਵੇਰੇ ਨਜ਼ਰ ਵੱਟੂ ਜਿਹਾ!

**ਭਿਖਾਰੀ** : ਜੀ ਮੈਂ ਅਪਾਹਜ ਹਾਂ।

**ਬਾਊ** : ਜੇ ਅਪਾਹਜ ਏਂ ਤਾਂ ਤੈਨੂੰ ਸਿਰ 'ਤੇ ਚੁੱਕ ਲਾਂ?

**ਭਿਖਾਰੀ** : ਨਾ ਜੀ ਮੈਨੂੰ ਥੱਲੇ ਈ ਰਹਿਣ ਦਿਓ, ਕੱਢੋ ਦੋ ਦਮੜੇ। ਤੁਹਾਡੇ ਘਰ ਰੰਗ ਲੱਗਾ ਰਹੇ ਖੁਸ਼ੀਆਂ ਦਾ, ਘਰ ਬਾਹਰ ਵਸਦਾ ਰਹੇ, ਬੱਚੇ ਅਫ਼ਸਰ ਬਨਣ, ਰੱਬ ਤੁਹਾਨੂੰ ਲੱਖਾਂ ਵਿਚ ਖਿਡਾਵੇ।

| | | |
|---|---|---|
| ਬਾਊ | : | ਰੋਜ਼ ਤੇਰੇ ਵਰਗੇ ਟਕਰਦੇ ਰਹਿਣ ਤਾਂ ਬਣ ਗਏ ਲੱਖਪਤੀ ! |
| ਭਿਖਾਰੀ | : | ਮੇਰੀ ਅਸੀਸ ਤੁਹਾਨੂੰ ਜ਼ਰੂਰ ਲੱਗੇਗੀ। ਇਕ ਅਪਾਹਜ ਦੀ ਗੱਲ ਰੱਬ ਜ਼ਰੂਰ ਪੂਰੀ ਕਰਦਾ ਏ। ਬਾਊ ਜੀ, ਮੈਨੂੰ ਭੁੱਖ..... |
| ਬਾਊ | : | ਭੁੱਖ ਲੱਗੀ ਏ ਤਾਂ ਮੈਂ ਲੰਗਰ ਲਾਵਾਂ ਤੇਰੇ ਲਈ? ਐਵੇਂ ਮੇਰਾ ਸਿਰ ਨਾ ਖਾ। |
| ਭਿਖਾਰੀ | : | ਨਹੀਂ ਖਾਂਦਾ ਸਿਰ, ਬਾਊ ਜੀ ਭੁੱਖੇ ਨੂੰ ਰਜਾਉਗੇ, ਸਦਾ ਸੁੱਖ ਪਾਉਗੇ। |
| ਬਾਊ | : | ਮੇਰੇ ਕੋਲ ਕੋਈ ਪੈਸਾ ਨਹੀਂ। |
| ਭਿਖਾਰੀ | : | ਨਾ ਜੀ ਇੰਜ ਨਾ ਕਹੋ, ਖਾਂਦੇ ਪੀਂਦੇ ਘਰ ਦੇ ਜਾਪਦੇ ਹੋ। |
| ਬਾਊ | : | ਆਹੋ ਖਾਂਦੇ ਪੀਂਦੇ ਘਰ ਦਾ ਹਾਂ ਤੇ ਤੈਨੂੰ ਤਕਲੀਫ਼ ਹੁੰਦੀ ਹੋਣੀ ਏ ਵੇਖ ਕੇ। |
| ਭਿਖਾਰੀ | : | ਨਾ ਬਾਊ ਜੀ, ਮੈਂ ਤਾਂ ਦੁਆ ਕਰ ਰਿਹਾਂ। |
| ਬਾਊ | : | ਸਾਰੇ ਮੰਗਤੇ ਦੁਆਵਾਂ ਈ ਦਿੰਦੇ ਨੇ। |
| ਭਿਖਾਰੀ | : | ਹੋਰ ਕੀ ਦੇਈਏ ਬਾਊ ਜੀ? ਸਾਡੇ ਕੋਲ ਹੋਰ ਹੈ ਕੀ? |

(ਚਲਦਾ)


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

# ਦੀਵਾਲੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਵਧਾਈਆਂ।



ਸ. ਹਰਭਜਨ ਸਿੰਘ
ਪ੍ਰਧਾਨ


● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਕਿਹੜੀ ਨਦੀ ਉੱਤੇ ਅਤੇ ਕਿਹੜੀਆਂ ਦੋ ਥਾਵਾਂ ਵਿਚਕਾਰ ਰਾਸ਼ਟਰੀ ਜਲਮਾਰਗ ਨੰਬਰ 2 ਸਥਿਤ ਹੈ?
(ੳ) ਬ੍ਰਹਮਪੁਤਰਾ, ਸਾਦੀਆ-ਢੁਬਰੀ (ਅ) ਗੰਗਾ, ਹਲਦੀਆ-ਅਲਾਹਾਬਾਦ
(ੲ) ਪੱਛਮੀ ਤੱਟ ਕਨਾਲ, ਕੋੱਟਾਪੁਰਮ-ਕੋਲਮ (ਸ) ਗੋਦਾਵਰੀ, ਨਾਸਿਕ-ਰਾਜਮੁੰਡਰੀ

2. ਭੂਮੱਧ-ਰੇਖਾ ਹੇਠ ਲਿਖੇ ਕਿਹੜੇ ਦੇਸ਼ਾਂ ਵਿੱਚ ਨਹੀਂ ਲੰਘਦੀ?
(ੳ) ਕੋਲੰਬੀਆ (ਅ) ਬਰਾਜ਼ੀਲ
(ੲ) ਡੈਮੋਕਰੈਟਿਕ ਰਿਪਬਲਿਕ ਆਫ਼ ਕੋਂਗੋ
(ਸ) ਬੋਲਿਵੀਆ (ਹ) ਅੰਗੋਲਾ

3. ਹੇਠ ਲਿਖੇ ਰਾਜਾਂ ਵਿਚੋਂ ਗੁੱਗਾਮਲ ਰਾਸ਼ਟਰੀ ਪਾਰਕ ਕਿੱਥੇ ਸਥਿਤ ਹੈ?
(ੳ) ਕਰਨਾਟਕ (ਅ) ਆਂਧਰਾ ਪ੍ਰਦੇਸ਼
(ੲ) ਮਹਾਂਰਾਸ਼ਟਰ (ਸ) ਉੜੀਸ਼ਾ

4. ਜਨ-ਅੰਕੜਾ ਵਿਗਿਆਨ ਵਿਚ, ਸੰਤਾਨ ਦੀ ਉਤਪਤੀ ਦੀ ਜੀਵ ਸਬੰਧੀ (ਬਾਇਓਲੋਜਿਕਲ) ਸਮਰੱਥਾ ਨੂੰ ਕਹਿੰਦੇ ਹਨ।
(ੳ) ਜਣਨ ਸ਼ਕਤੀ (ਫਰਟਿਲਿਟੀ) (ਅ) ਜਨਮ ਦਰ
(ੲ) ਸਜੀਵਤਾ (ਵਾਇਟੈਲਿਟੀ) (ਸ) ਉਪਜਾਊ ਸ਼ਕਤੀ (ਫਿਕੇਡਿਟੀ)

5. ਹੇਠ ਲਿਖਿਆਂ ਵਿਚੋਂ ਕਿਹੜਾ ਏਸ਼ੀਆਈ ਤੁਰਕੀ ਅਤੇ ਯੂਰਪੀ ਤੁਰਕੀ ਨੂੰ ਵੱਖ ਕਰਦਾ ਹੈ?
(ੳ) ਬੈਰਿੰਗ ਪਣਜੋੜ (ਸਟਰੇਟ) (ਅ) ਬੋਸਪੋਰਸ ਪਣਜੋੜ (ਸਟਰੇਟ)
(ੲ) ਮਲੱਕਾ ਪਣਜੋੜ (ਸਟਰੇਟ) (ਸ) ਜਿਬਰਾਲਟਰ ਪਣਜੋੜ (ਸਟਰੇਟ)

6. 98ਵੀਂ ਸੰਵਿਧਾਨਕ ਸੰਸ਼ੋਧਨ ਅਧਿਨਿਯਮ 2012 ਤਹਿਤ ਸੰਵਿਧਾਨ ਵਿਚ ਇਕ ਨਵਾਂ ਆਰਟੀਕਲ 371-ਜੇ ਸ਼ਾਮਲ ਕੀਤਾ ਗਿਆ ਹੈ। ਇਹ ਹੇਠ ਲਿਖੇ ਇਲਾਕਿਆਂ ਵਿਚੋਂ ਕਿਹੜੇ ਇਲਾਕੇ ਲਈ ਵਿਸ਼ੇਸ਼ ਵਿਵਸਥਾ ਬਣਾਉਣ ਨਾਲ ਸਬੰਧਤ ਹੈ?
(ੳ) ਤੈਲੰਗਾਨਾ-ਰਾਇਲਾਸੀਮਾ (ਅ) ਕਰਨਾਟਕ-ਹੈਦਰਾਬਾਦ
(ੲ) ਵਿਦਰਭ-ਮਰਾਠਵਾੜਾ (ਸ) ਰਾਇਲਾਸੀਮਾ-ਸੀਮਾਂਧਰਾ

7. ਭਾਰਤ ਦੇ ਮਹਾਂ ਨਿਆ ਅਧਿਕਾਰੀ (ਅਟਾਰਨੀ ਜਨਰਲ) ਸਬੰਧੀ ਹੇਠ ਲਿਖੇ ਕਥਨਾਂ ਨੂੰ ਵਿਚਾਰੋ :
1) ਇਸ ਦੀ ਨਿਯੁਕਤੀ ਭਾਰਤ ਦੇ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ।
2) ਇਸ ਦੇ ਕੋਲ ਉਹੀ ਯੋਗਤਾ ਹੋਣੀ ਚਾਹੀਦੀ ਹੈ ਜੋ ਕਿ ਉੱਚ ਅਦਾਲਤ (ਹਾਈਕੋਰਟ) ਦੇ ਨਿਆਂ ਅਧਿਕਾਰੀ (ਜੱਜ) ਲਈ ਲੋੜੀਂਦੀ ਹੈ।
3) ਇਸ ਨੂੰ ਸੰਸਦ ਦੇ ਕਿਸੇ ਵੀ ਸਦਨ ਵਿਚ ਬੋਲਣ ਦਾ ਅਧਿਕਾਰ ਹੈ।
4) ਇਸ ਨੂੰ ਇਸਪੀਚਮੈਂਟ ਰਾਹੀਂ ਹਟਾਇਆ ਜਾ ਸਕਦਾ ਹੈ।
5) ਉਸ ਨੂੰ ਦੇਸ਼ ਦੀਆਂ ਸਾਰੀਆਂ ਅਦਾਲਤਾਂ ਵਿਚ ਸੁਣੇ ਜਾਣ ਦਾ ਅਧਿਕਾਰ ਹੈ।
ਉਪਰੋਕਤ ਲਿਖਤ ਕਥਨਾਂ ਵਿਚ ਕਿਹੜੇ ਸਹੀ ਹਨ?
(ੳ) 1, 2 ਅਤੇ 4 (ਅ) 2, 3 ਅਤੇ 5
(ੲ) 1, 2, 3 ਅਤੇ 5 (ਸ) 1, 3 ਅਤੇ 5

8. ਸੰਸਦ ਵਿਚ ਬਿਲਾਂ ਦੀ ਸਮਾਪਤੀ (ਲੈਪਸ) ਸਬੰਧੀ ਹੇਠ ਲਿਖੇ ਕਥਨਾਂ ’ਤੇ ਵਿਚਾਰ ਕਰੋ :
1) ਅਣਮਿਥੇ ਸਮੇਂ ਲਈ ਸੰਸਦ ਦੇ ਸਥਗਨ ਕਾਰਨ ਸੰਸਦ ਵਿਚ ਵਿਚਾਰ ਅਵਸਥਾ ਵਿੱਚ ਪਿਆ ਬਿਲ ਸਮਾਪਤ (ਲੈਪਸ) ਹੋ ਜਾਂਦਾ ਹੈ।
2) ਲੋਕ ਸਭਾ ਦੇ ਭੰਗ ਹੋਣ ਕਾਰਨ, ਰਾਜ ਸਭਾ ਦੇ ਵਿੱਚ ਬਿੱਲ, ਜੋ ਲੋਕ ਸਭਾ ਵੱਲੋਂ ਪਾਸ ਨਹੀਂ ਹੋਇਆ, ਸਮਾਪਤ (ਲੈਪਸ) ਹੋ ਜਾਂਦਾ ਹੈ।
ਉਪਰੋਕਤ ਕਥਨਾਂ ਵਿਚੋਂ ਕਿਹੜਾ (ੜੇ) ਕਥਨ ਸਹੀ ਹੈ/ਹਨ?
(ੳ) ਸਿਰਫ਼ 1 (ਅ) ਸਿਰਫ਼ 2
(ੲ) 1 ਅਤੇ 2 ਦੋਵੇਂ (ਸ) 1 ਅਤੇ 2 ਵਿਚੋਂ ਕੋਈ ਵੀ ਨਹੀਂ

9. ਹੇਠ ਲਿਖੀਆਂ ਥਾਵਾਂ ਵਿਚੋਂ ਕਿਹੜੇ ਬੋਬੇ ਉੱਚ ਅਦਾਲਤ ਦੀ ਰਾਜਖੇਤਰੀ ਸੰਸਥਾਪਨ ਅਧਿਕਾਰ ਖੇਤਰ (ਟੈਰੀਟੋਰੀਅਲ ਇਸਟੈਬਲਿਸ਼ਮੈਂਟ ਜਿਉਰਿਸਡਿਕਸ਼ਨ) ਅਧੀਨ ਨਹੀਂ ਆਉਂਦੇ?

1) ਦਮਨ ਅਤੇ ਦਿਊ 2) ਦਾਦਰਾ ਅਤੇ ਨਗਰ ਹਵੇਲੀ

3) ਗੋਆ 4) ਲਕਸ਼ਦੀਪ

ਹੇਠ ਲਿਖੇ ਵਿਚੋਂ ਸਹੀ ਉੱਤਰ ਚੁਣੋ :

(ੳ) ਸਿਰਫ਼ 1 (ਅ) 1 ਅਤੇ 2

(ੲ) ਸਿਰਫ਼ 4 (ਸ) 3 ਅਤੇ 4

10. ਹੇਠ ਲਿਖੀਆਂ ਥਾਵਾਂ ਵਿੱਚੋਂ ਕਿਹੜੀ ਥਾਂ ਸੰਯੁਕਤ ਰਾਸ਼ਟਰ ਵੱਲੋਂ ਪ੍ਰੋਜੈਕਟ "ਡੈਸਟੀਨੇਸ਼ਨ ਫਲਾਈਵੇਜ਼" ਤਹਿਤ ਸਸਟੇਨੇਬਲ ਸੈਰ-ਸਪਾਟਾ ਦੇ ਵਿਕਾਸ ਲਈ ਚੁਣੀ ਗਈ ਹੈ?

(ੳ) ਸੁੰਦਰਬਨ ਦਹਾਨਾ (ਡੈਲਟਾ) (ਅ) ਚਿਲਿਕਾ ਝੀਲ (ਲੈਗੂਨ)

(ੲ) ਪੱਛਮੀ ਘਾਟ (ਸ) ਅਸ਼ਟਾਮੁਦੀ ਝੀਲ

**ਉੱਤਰ -(1)ੲ(2)ੳ(3)ਅ(4)ਸ(5)ੲ(6)ਅ(7)ੲ(8)ੳ(9)ੳ(10)ਸ**

● ● ●




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਸਲਾਦ ਅਤੇ ਸਲਾਦੀ ਵਸਤਾਂ ਦੇ ਗੁਣ

**ਵੈਦ ਮੇਘਨਾਥ ਜੀ**




ਹਰੀ, ਕੱਚੀ, ਤਾਜ਼ੀ ਸਾਗ, ਸਬਜ਼ੀ ਜਿਵੇਂ ਕਿ ਮੂਲੀ, ਗਾਜਰ, ਚੁਕੰਦਰ, ਟਮਾਟਰ, ਪਿਆਜ਼ ਆਦਿ ਨੂੰ ਮਿਲਾ ਕੇ ਸਲਾਦ ਤਿਆਰ ਕੀਤਾ ਜਾਂਦਾ ਹੈ। ਇਹ ਇਕੱਲਾ ਹੀ ਜਾਂ ਭੋਜਨ ਦੇ ਨਾਲ ਖਾਣ ਦੀ ਪੁਰਾਣੇ ਸਮੇਂ ਤੋਂ ਹੀ ਰੀਤ ਚਲੀ ਆ ਰਹੀ ਹੈ। ਤਾਜ਼ੀਆਂ ਅਤੇ ਹਰੀਆਂ ਤੇ ਕੱਚੀਆਂ ਸਾਗ ਸਬਜ਼ੀਆਂ ਵਿਚ ਵਿਟਾਮਿਨਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਸਿਹਤ ਵਾਸਤੇ ਅੰਮ੍ਰਿਤ ਸਮਾਨ ਹੁੰਦੀਆਂ ਹਨ। ਕੁਦਰਤ ਨੇ ਸਾਨੂੰ ਜਿਉਣ ਵਾਸਤੇ ਬੇਅੰਤ ਪੌਸ਼ਟਿਕ ਆਹਾਰ ਦਿੱਤੇ ਹਨ ਜਿਸ ਵਿਚ ਹਰੀਆਂ ਬਨਸਪਤੀਆਂ, ਰਸਾਂ ਵਾਲੇ ਫਲ ਜੋ ਕਿ ਲਾਭਕਾਰੀ ਤੱਤਾਂ ਵਾਲੇ ਹੁੰਦੇ ਹਨ। ਸਾਡੇ ਰੋਜ਼ ਦੇ ਭੋਜਨ ਵਿਚ ਇਹ ਨਾ ਹੋਣ ਤਾਂ ਸਾਡਾ ਸਰੀਰ ਤੰਦਰੁਸਤ ਰਹਿਣਾ ਮੁਸ਼ਕਲ ਹੈ। ਸਰੀਰ ਦੇ ਵਿਕਾਸ ਵਾਸਤੇ ਕਾਰਬੋਹਾਈਡਰੇਟ ਅਤੇ ਤਾਪਮਾਨ ਵਾਸਤੇ ਚਿਕਨਾਈ ਦੀ ਲੋੜ ਹੁੰਦੀ ਹੈ ਇਨ੍ਹਾਂ ਤਿੰਨ ਪ੍ਰਕਾਰ ਦੇ ਤੱਤਾਂ ਨੂੰ ਮਿਲਾ ਕੇ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ, ਸਰੀਰ ਨੂੰ ਨਿਰੋਗ ਬਨਾਉਣ ਵਾਸਤੇ ਸੰਤੁਲਨ ਭੋਜਨ ਜ਼ਰੂਰੀ ਹੈ। ਫਲ ਅਤੇ ਸਬਜ਼ੀਆਂ ਦੀ ਵਰਤੋਂ ਨਾਲ ਸਰੀਰ ਵਿਚ ਪੌਸ਼ਟਿਕ ਤੱਤਾਂ ਦੀ ਕਮੀ ਨਹੀਂ ਹੁੰਦੀ ਅਤੇ ਸਰੀਰ ਵਿਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵਧਦੀ ਹੈ। ਅੱਜ ਦੇ ਯੁੱਗ ਵਿਚ ਹਰੀਆਂ ਸਬਜ਼ੀਆਂ-ਭਾਜੀਆਂ ਦੀ ਜੋ ਵਰਤੋਂ ਕੀਤੀ ਜਾਂਦੀ ਹੈ ਉਹ ਮਿਰਚ-ਮਸਾਲਿਆਂ ਨਾਲ ਅੱਗ ਤੇ ਪਕਾਏ ਜਾਂਦੇ ਹਨ ਜਿਸ ਕਰਕੇ ਸਾਨੂੰ ਪ੍ਰਾਪਤ ਵਿਟਾਮਿਨ ਨਹੀਂ ਮਿਲਦੇ ਕਿਉਂਕਿ ਇਨ੍ਹਾਂ ਦੇ ਜ਼ਿਆਦਾ ਅੰਸ਼ ਅਗਨੀ ਵਿਚ ਜਲ ਕੇ ਖਤਮ ਹੋ ਜਾਂਦੇ ਹਨ। ਸਾਗ ਸਬਜ਼ੀਆਂ ਵਿਚ ਜ਼ਿਆਦਾ ਅੰਸ਼ ਐਸੀ ਹੁੰਦੀ ਹੈ। ਇਨ੍ਹਾਂ ਨੂੰ ਕੱਚਾ ਹੀ ਖਾਇਆ ਜਾ ਸਕਦਾ ਹੈ ਅੱਗ ਤੇ ਪਕਾਈਆਂ ਸਬਜ਼ੀਆਂ ਦੇ ਮੁਕਾਬਲੇ ਬਹੁਤ ਲਾਭਕਾਰੀ ਹੁੰਦੇ ਹਨ। ਫਲਾਂ ਅਤੇ ਸਬਜ਼ੀਆਂ ਦੇ ਜਲ (ਤਰਕਾਰੀ) ਤੰਦਰੁਸਤੀ ਲਈ ਬਹੁਤ ਹੀ ਦੁਰਲੱਭ ਹੈ। ਇਹ ਕੇਵਲ ਖਣਿਜ ਲਵਨ ਹੀ ਅਨੁਪ੍ਰਦਾਨ ਨਹੀਂ ਕਰਦਾ ਬਲਕਿ ਵਿਟਾਮਿਨਜ਼ ਤੰਦਰੁਸਤੀ ਲਈ, ਸਿਹਤ ਦੀ ਰੱਖਿਆ, ਨਾਲ-ਨਾਲ ਸਰੀਰ ਦੀ ਅੰਦਰੋਂ ਸਫ਼ਾਈ ਵੀ

ਕਰਦਾ ਹੈ। ਖੋਜ 'ਚੋਂ ਪਤਾ ਲੱਗਾ ਹੈ ਕਿ ਆਦਿ ਵਾਸੀਆਂ ਨੂੰ ਸਬਜ਼ੀਆਂ ਬਗੈਰਾ ਕੱਚਾ ਖਾਣ ਦੀ ਆਦਤ ਸੀ ਜਿਸ ਕਰਕੇ ਉਨ੍ਹਾਂ ਦਾ ਸਰੀਰ ਮਜ਼ਬੂਤ ਤੇ ਦੰਦ ਵੀ ਮਜ਼ਬੂਤ ਹੁੰਦੇ ਸਨ। ਭੋਜਨ ਸ਼ਾਸਤਰੀਆਂ ਦਾ ਮੱਤ ਹੈ, ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ ਮਨੁੱਖ ਦੇ ਭੋਜਨ ਵਿਚ 50% ਖਾਦ ਪਦਾਰਥ ਹੋਣੇ ਚਾਹੀਦੇ ਹਨ ਜੋ ਕਿ ਅੱਗ ਤੇ ਨਾ ਪਕਾਏ ਹੋਣ ਇਸ ਵਾਸਤੇ ਸਾਨੂੰ ਸਲਾਦ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ। ਜੇ ਮਨੁੱਖ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਸਲਾਦ ਦੇ ਰੂਪ ਵਿਚ ਵਰਤੋਂ ਕਰੇ ਤਾਂ ਭੋਜਨ ਦਾ ਸੁਆਦ ਹੀ ਨਹੀਂ ਵਧੇਗਾ, ਚਮੜੀ ਦੀ ਚਿਕਨਾਈ ਵੀ ਬਣੀ ਰਹੇਗੀ। ਖ਼ੂਨ ਸ਼ੁੱਧ ਹੋਵੇਗਾ, ਖ਼ੂਨ ਦੀ ਕਮੀ ਨਹੀਂ ਹੋਵੇਗੀ। ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਸਲਾਦ ਉਨ੍ਹਾਂ ਚੀਜ਼ਾਂ ਦਾ ਬਣਾਇਆ ਜਾ ਸਕਦਾ ਹੈ ਜਿਹੜੀਆਂ ਮੌਸਮ ਅਨੁਸਾਰ ਮਿਲ ਸਕਦੀਆਂ ਹਨ ਮੌਸਮੀ ਹੋਣ ਕਰਕੇ ਸਸਤੀ ਤੇ ਸੌਖੀਆਂ ਮਿਲ ਜਾਂਦੀਆਂ ਹਨ। ਸਲਾਦ ਵਾਸਤੇ ਪੌਦਿਆਂ ਦੇ ਸਾਰੇ ਅੰਗ ਜੜ੍ਹਾਂ, ਪੱਤੇ ਜਾਂ ਫਲ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਟਮਾਟਰ, ਗਾਜ਼ਰ, ਪਿਆਜ਼, ਮੂਲੀ, ਮੂਲੀ ਦੇ ਪੱਤੇ, ਧਨੀਆਂ ਜਾਂ ਪੁਦੀਨੇ ਦੇ ਪੱਤੇ, ਚੁਕੰਦਰ, ਅਮਰੂਦ, ਕੇਲੇ ਦੇ ਟੁਕੜੇ, ਖੀਰਾ, ਕੱਕੜੀ ਆਦਿ ਫਲ ਜਾਂ ਸਬਜ਼ੀਆਂ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਵਾਸਤੇ ਛੋਟੇ-ਛੋਟੇ ਟੁਕੜੇ ਗੋਲ-ਗੋਲ ਕੱਟ ਕੇ ਜਾਂ ਕੱਦੂਕਸ਼ ਕਰਕੇ ਨਮਕ, ਅਦਰਕ ਜਾਂ ਨਿੰਬੂ ਦਾ ਰਸ ਆਦਿ ਲਾ ਕੇ ਰੁਚੀਕਾਰਕ ਬਣਾ ਲਿਆ ਜਾਂਦਾ ਹੈ। ਵੈਸੇ ਫਲ ਬਹੁਤ ਮਹਿੰਗੇ ਹੁੰਦੇ ਹਨ ਹਰ ਇਕ ਖਰੀਦ ਨਹੀਂ ਸਕਦਾ। ਤੰਦਰੁਸਤੀ ਵਾਸਤੇ ਭੋਜਨ ਵਿਚ ਪੱਕੀਆਂ ਤਲੀਆਂ ਚੀਜ਼ਾਂ ਦੇ ਨਾਲ-ਨਾਲ ਕੁਝ ਕੱਚੀਆਂ ਚੀਜ਼ਾਂ ਦਾ ਖਾਣਾ ਜ਼ਰੂਰੀ ਹੈ। ਸਲਾਦ ਹਰ ਇਕ ਵਾਸਤੇ ਸੌਖਾ ਤੇ ਸਸਤਾ ਹੈ ਇਸ ਨੂੰ ਭੋਜਨ ਨਾਲ ਮਿਲਾ ਕੇ ਸੰਤੁਲਤ ਬਣਾਉਣ ਵਾਸਤੇ ਸਫਲ ਹੋ ਸਕਦਾ ਹੈ ਇਕ ਅੱਛੇ ਸਲਾਦ ਵਿਚ ਕੰਮ ਆਉਣ ਵਾਲੇ ਪੌਸ਼ਟਿਕ ਤੱਤ ਹੇਠਾਂ ਲਿਖੇ ਗਏ ਹਨ ਜਿਵੇਂ ਕਿ –

1. **ਹਰੇ ਪੱਤੇ** - ਸਲਾਦ ਵਾਸਤੇ ਮੂਲੀ, ਚੁਕੰਦਰ ਜਾਂ ਸ਼ਲਗਮ ਦੇ ਹਰੇ ਪੱਤੇ ਵਰਤੋਂ ਯੋਗ ਹੁੰਦੇ ਹਨ। ਇਨ੍ਹਾਂ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਖਣਿਜ ਪਦਾਰਥ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਫਾਸਫੋਰਸ ਅਤੇ ਗੰਧਕ ਆਦਿ ਪ੍ਰਮੁੱਖ ਰੂਪ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਆਇਓਡੀਨ ਵੀ ਪਾਈ ਜਾਂਦੀ ਹੈ। ਇਨ੍ਹਾਂ ਵਿਚੋਂ ਪ੍ਰਾਪਤ ਕੈਲਸ਼ੀਅਮ ਦੀ ਮਾਤਰਾ ਪਾਚਣਕਾਰੀ ਹੁੰਦੀ ਹੈ। ਇਨ੍ਹਾਂ ਵਿਚ ਵਿਟਾਮਿਨ ਏ, ਬੀ, ਸੀ ਮੁੱਖ ਰੂਪ ਵਿਚ ਮਿਲਦੇ ਹਨ।

2. **ਗਾਜਰ** - ਇਸਨੂੰ ਅੰਗਰੇਜ਼ੀ ਵਿਚ ਕੈਰਟ ਕਹਿੰਦੇ ਹਨ, ਇਸ ਵਿਚ ਕੈਰੋਟੀਨ ਬਹੁਤ ਜ਼ਿਆਦਾ ਮਾਤਰਾ ਵਿਚ ਮੌਜੂਦ ਰਹਿੰਦੇ ਹਨ। ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਖਣਿਜ ਪਦਾਰਥ, ਕੈਲਸ਼ੀਅਮ, ਫਾਸਫੋਰਸ ਅਤੇ ਆਇਰਨ ਦੀ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ ਵਿਟਾਮਿਨ ਏ ਤੇ ਬੀ ਕਾਫੀ ਮਾਤਰਾ ਵਿਚ ਹੁੰਦੀ ਹੈ।

**ਗੁਣ** - ਗਾਜਰ ਨਾਲ ਦਿਮਾਗ਼ ਦੀਆਂ ਨਾੜੀਆਂ ਨੂੰ ਤਾਕਤ ਮਿਲਦੀ ਹੈ। ਇਸ ਨਾਲ ਖ਼ੂਨ ਤੇ ਪਿਸ਼ਾਬ ਸਾਫ਼ ਹੁੰਦਾ ਹੈ। ਇਸ ਨਾਲ ਪਿਸ਼ਾਬ ਰਾਹੀਂ ਯੂਰਿਕ ਐਸਿਡ ਨਾਮਕ ਜ਼ਹਿਰੀਲਾ ਪਦਾਰਥ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ। ਗਾਜਰ ਦਾ ਪ੍ਰਯੋਗ ਸਰੀਰ ਦੇ ਅੰਦਰ ਪੇਟ ਦੇ ਕੀੜੇ ਬਾਹਰ ਕੱਢਣ ਵਿਚ ਸਹਾਇਕ ਹੈ, ਇਹ ਕਾਮ ਉਤੇਜਕ ਤੇ ਤਾਕਤਵਰ ਹੈ।

